@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Thursday, 25 June 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 25 ਜੂਨ 2026, 11 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 231, qpatrika@gmail.com ਫੋਨ : 9971359517 www.qaumipatrika.org

## ਲੁਟੀਅਨਜ਼ ਦਿੱਲੀ ਕਲੱਬਾਂ 'ਤੇ ਬੇਯਕੀਨੀ ਦੇ ਬੱਦਲ ਮੰਡਰਾਏ

ਨੈਸ਼ਨਲ ਡੈਸਕ 24 ਜੂਨ। 27.3 ਏਕੜ 'ਚ ਫੈਲੇ ਦਿੱਲੀ ਜਿਮਖਾਨਾ ਕਲੱਬ ਨੂੰ ਵਾਪਸ ਲੈਣ ਦੇ ਕੇਂਦਰ ਦੇ ਫੈਸਲੇ ਤੋਂ ਕੁਝ ਸਮੇਂ ਲਈ ਭਾਵੇਂ ਰਾਹਤ ਮਿਲ ਗਈ ਹੋਵੇ ਪਰ ਇਸ ਨਾਲ ਲੁਟੀਅਨਜ਼ ਦਿੱਲੀ ਦੇ ਬਿਲਕੁਲ ਵਿਚਾਲੇ ਬਣੇ ਦੂਜੇ ਅਜਿਹੇ ਕਲੱਬਾਂ 'ਤੇ ਅਸਰ ਪਿਆ ਹੈ। ਸਰਕਾਰ ਆਪਣੀਆਂ ਵੱਡੀਆਂ ਮੁੜ-ਵਿਕਾਸ ਯੋਜਨਾਵਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ, ਇਸ ਲਈ ਉਸ ਨੇ ਦਿੱਲੀ ਰੇਸ ਕੋਰਸ ਗਰਾਊਂਡ ਨੂੰ ਤੇਜ਼ੀ ਨਾਲ ਆਪਣੇ ਕਬਜ਼ੇ 'ਚ ਲੈ ਲਿਆ। ਹੁਣ ਧਿਆਨ ਉਨ੍ਹਾਂ ਦੂਜੇ ਕਲੱਬਾਂ ਵੱਲ ਗਿਆ ਹੈ ਜੋ ਕੀਮਤੀ ਪਬਲਿਕ ਜ਼ਮੀਨ 'ਤੇ ਕਬਜ਼ਾ ਕਰੀ ਬੈਠੇ ਹਨ। ਜਿਨ੍ਹਾਂ 'ਤੇ ਨਜ਼ਰ ਹੈ, ਉਨ੍ਹਾਂ ਵਿਚ ਦਿੱਲੀ ਗੋਲਫ਼ ਕਲੱਬ, ਪ੍ਰੈੱਸ ਕਲੱਬ ਆਫ਼ ਇੰਡੀਆ, ਇੰਡੀਅਨ ਵੂਮੈਨਜ਼ ਪ੍ਰੈੱਸ ਕਾਰਪਸ ਅਤੇ ਰਾਇਸੀਨਾ ਰੋਡ 'ਤੇ ਸਥਿਤ ਚੈਮਸਫ਼ੋਰਡ ਕਲੱਬ ਸ਼ਾਮਲ ਹਨ। ਪ੍ਰੈੱਸ ਕਲੱਬ ਆਫ਼ ਇੰਡੀਆ ਅਤੇ ਇੰਡੀਅਨ ਵੂਮੈਨਜ਼ ਪ੍ਰੈੱਸ ਕਾਰਪਸ, ਦੋਵਾਂ ਨੂੰ ਪਹਿਲਾਂ ਵੀ ਸਰਕਾਰ ਵੱਲੋਂ ਦਿੱਤੀ ਗਈ ਜਗ?ਹਾ ਨੂੰ ਖਾਲੀ ਕਰਨ ਦੇ ਨੋਟਿਸ ਮਿਲੇ ਹਨ, ਪਰ ਕਾਨੂੰਨੀ ਦਖ਼ਲਅੰਦਾਜ਼ੀ, ਪ੍ਰਬੰਧਕੀ ਦੇਰੀ ਅਤੇ ਸੰਸਥਾਗਤ ਦਬਾਅ ਕਾਰਨ ਉਨ੍ਹਾਂ ਨੂੰ ਹੁਣ ਤੱਕ ਕਬਜ਼ਾ ਬਣਾਈ ਰੱਖਣ ਵਿਚ ਮਦਦ ਮਿਲੀ ਹੈ। ਕੇਂਦਰ ਦੀਆਂ ਲੰਮੇ ਸਮੇਂ ਤੋਂ ਰੁਕੀਆਂ ਹੋਈਆਂ ਸ਼ਹਿਰੀ ਮੁੜ-ਵਿਕਾਸ ਯੋਜਨਾਵਾਂ 'ਤੇ ਮਜ਼ਬੂਤੀ ਨਾਲ ਅੱਗੇ ਵਧਣ ਕਾਰਨ ਚਿੰਤਾਵਾਂ ਫਿਰ ਤੋਂ ਸਾਹਮਣੇ ਆ ਰਹੀਆਂ ਹਨ। ਸੈਂਟਰਲ ਵਿਸਟਾ ਕੰਸਟਰੱਕਸ਼ਨ ਪਲਾਨ ਦਾ ਮੁੜ-ਵਿਕਾਸ ਪੂਰੇ ਜ਼ੋਰਾਂ 'ਤੇ ਹੈ, ਜਿਸ ਵਿਚ ਨਵੀਂ ਪਾਰਲੀਮੈਂਟ ਬਿਲਡਿੰਗ ਬਣ ਰਹੀ ਹੈ ਅਤੇ ਕਰਤੱਵ ਪਥ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਦਿੱਲੀ ਜਿਮਖਾਨਾ ਕਲੱਬ ਦੇ ਖ਼?ਲਾਫ਼ ਤਾਜ਼ਾ ਕਦਮ ਕੋਈ ਵੱਖਰੀ ਕਾਰਵਾਈ ਨਹੀਂ ਹੈ, ਸਗੋਂ ਰਾਜਧਾਨੀ ਵਿਚ ਨਵੇਂ ਪਾਵਰ ਸਪੇਸ ਨੂੰ ਬਦਲਣ ਦੀ ਇਕ ਬਹੁਤ ਵੱਡੀ ਕੋਸ਼ਿਸ਼ ਦਾ ਹਿੱਸਾ ਹੈ। ਲੁਟੀਅਨਜ਼ ਦਿੱਲੀ ਦੇ ਕਈ ਐਲੀਟ ਕਲੱਬਾਂ ਲਈ, ਇਹ ਸੁਨੇਹਾ ਸਾਫ਼ ਹੈ : ਪੁਰਾਣੇ ਵਿਸ਼ੇਸ਼ ਅਧਿਕਾਰ ਹੁਣ ਸ਼ਾਇਦ ਅਛੂਤੇ ਨਾ ਰਹਿਣ।

# ਕਿਸਾਨਾਂ ਲਈ ਵੱਡੀ ਖ਼ੁਸ਼ਖ਼ਬਰੀ ! ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਕਰ'ਤਾ ਐਲਾਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 24 ਜੂਨ। ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਅਤੇ ਰਾਸ਼ਟਰੀ ਸਹਿਕਾਰੀ ਖਪਤਕਾਰ ਫੈਡਰੇਸ਼ਨ ਨੂੰ ਕਿਸਾਨਾਂ ਤੋਂ ਸਿੱਧੇ ਦਾਲਾਂ ਅਤੇ ਤੇਲ ਬੀਜ ਖਰੀਦਣ ਦੇ ਨਿਰਦੇਸ਼ ਦਿੱਤੇ, ਤਾਂ ਕਿ ਵਿਚੋਲਿਆਂ ਦੀ ਭੂਮਿਕਾ ਖਤਮ ਹੋਵੇ ਅਤੇ ਦੇਸ਼ ਦੀ ਇਨ੍ਹਾਂ ਵਸਤੂਆਂ ਦੇ ਆਯਾਤ 'ਤੇ ਨਿਰਭਰਤਾ ਘਟਾਈ ਜਾ ਸਕੇ। ©1654 ਦੀ ਚਾਰ ਪਹਿਲ ਦੀ ਸ਼ੁਰੂਆਤ ਮੌਕੇ ਆਯੋਜਿਤ ਇਕ ਸਮਾਗਮ 'ਚ ਸ਼ਾਹ ਨੇ ਕਿਹਾ ਕਿ ਹਾਲ ਹੀ ਦੇ ਸਾਲਾਂ 'ਚ ਦਾਲਾਂ ਅਤੇ ਤੇਲ ਬੀਜਾਂ ਦਾ ਉਤਪਾਦਨ ਵਧਿਆ ਹੈ, ਪਰ ਘੱਟੋ-ਘੱਟ ਸਮਰਥਨ ਮੁੱਲ ਦੇ ਲਾਭਾਂ ਤੱਕ ਪੂਰੀ ਪਹੁੰਚ ਨਾ ਹੋਣ ਕਾਰਨ ਆਤਮਨਿਰਭਰਤਾ ਹਾਸਲ ਨਹੀਂ ਹੋ ਸਕੀ ਹੈ। ਉਨ੍ਹਾਂ ਕਿਹਾ, ਖਰੀਦ 'ਚ ਵਿਚੋਲਿਆਂ ਦੀ ਭੂਮਿਕਾ ਨੂੰ ਖਤਮ ਕਰਨ ਦੀ ਲੋੜ ਹੈ। ਹੁਣ ਸਮਾਂ ਆ ਗਿਆ ਹੈ ਕਿ ©1654 ਅਤੇ ©336 ਕਿਸਾਨਾਂ ਤੋਂ ਸਿੱਧੇ ਦਾਲਾਂ ਅਤੇ ਤੇਲ ਬੀਜ ਖਰੀਦਣ, ਤਾਂ ਜੋ ਲਾਭ ਸਿੱਧੇ ਕਿਸਾਨਾਂ ਤੱਕ ਪਹੁੰਚਾਏ ਜਾ ਸਕਣ। ਸ਼ਾਹ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ 2 ਸਾਲਾਂ ਦੀ ਸਮਾਂ ਸੀਮਾ ਨਿਰਧਾਰਤ ਕਰਦੇ ਹੋਏ ਕਿਹਾ ਕਿ ਇਸ ਸਮੇਂ ਦੇ ਅੰਦਰ, ਘਰੇਲੂ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਲਗਭਗ



ਕਿਸਾਨ ਆਪਣੀਆਂ ਉਪਜਾਂ ਸਿੱਧੇ ਇਨ੍ਹਾਂ ਸਹਿਕਾਰੀ ਸੰਸਥਾਵਾਂ ਨੂੰ ਵੇਚ ਸਕਣਗੇ ਅਤੇ ਬਿਨਾਂ ਕਿਸੇ ਵਿਚੋਲੇ ਦੇ ਭੁਗਤਾਨ ਪ੍ਰਾਪਤ ਕਰ ਸਕਣਗੇ। ਭਾਰਤ ਆਪਣੀ 60-70 ਲੱਖ ਟਨ ਦਾਲਾਂ ਅਤੇ 15-16 ਮਿਲੀਅਨ ਟਨ ਖਾਣ ਵਾਲੇ ਤੇਲ ਦਾ ਆਯਾਤ ਕਰਦਾ ਹੈ। ਸ਼ਾਹ ਨੇ NAFED ਦੀ ਵਿੱਤੀ ਸਥਿਤੀ 'ਚ ਸੁਧਾਰ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਾਲ 2013 'ਚ ਸਹਿਕਾਰੀ ਸੰਸਥਾ ਗੰਭੀਰ ਸੰਕਟ 'ਚ ਸੀ ਅਤੇ ਸਰਕਾਰ ਨੂੰ ਇਸ ਨੂੰ ਬਚਾਉਣ ਲਈ ਦਖਲ ਦੇਣਾ ਪਿਆ ਸੀ। ਹਾਲਾਂਕਿ, NAFED ਦਾ ਸਾਲਾਨਾ ਕਾਰੋਬਾਰ 500 ਕਰੋੜ ਰੁਪਏ ਤੋਂ ਵੱਧ ਕੇ ਵਿੱਤ ਸਾਲ 2024-25 'ਚ 30,000 ਕਰੋੜ ਰੁਪਏ ਹੋ ਗਿਆ ਅਤੇ ਇਸ ਦੀ ਪਹੁੰਚ 76 ਲੱਖ ਕਿਸਾਨਾਂ ਤੱਕ ਹੋ ਚੁੱਕੀ ਹੈ ਹੈ। ਸਹਿਕਾਰਤਾ ਮੰਤਰੀ ਨੇ ਹੁਣ NAFED ਨੂੰ 50,000 ਕਰੋੜ ਰੁਪਏ ਦੇ ਕਾਰੋਬਾਰ ਦਾ ਟੀਚਾ ਰੱਖਣ ਲਈ ਕਿਹਾ। ਇਸ ਮੌਕੇ, ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦਾਲਾਂ ਅਤੇ ਤੇਲ ਬੀਜਾਂ 'ਚ ਆਤਮਨਿਰਭਰਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਰਕਾਰ ਪਹਿਲਾਂ ਤੋਂ ਹੀ ਤਿੰਨ ਕਿਸਮਾਂ ਦੀਆਂ ਦਾਲਾਂ ਨੂੰ ਲਾਹੇਵੰਦ ਕੀਮਤਾਂ 'ਤੇ ਖਰੀਦ ਰਹੀ ਹੈ। NAFED ਦੁਆਰਾ ਸ਼ੁਰੂ ਕੀਤੀਆਂ ਗਈਆਂ ਚਾਰ ਪਹਿਲਕਦਮੀਆਂ 'ਚ ਡਿਜੀਟਲ ਨੀਲਾਮੀ ਪਲੇਟਫਾਰਮ nafex.in ਸ਼ਾਮਲ ਹੈ, ਜੋ ਦਾਲਾਂ ਅਤੇ ਤੇਲ ਬੀਜਾਂ ਦੀ ਪਾਰਦਰਸ਼ੀ ਨੀਲਾਮੀ ਨੂੰ ਯਕੀਨੀ ਬਣਾਏਗਾ। ਇਸ ਤੋਂ ਪਹਿਲਾਂ, NAFED ਨਿੱਜੀ ਪਲੇਟਫਾਰਮਾਂ- mjunction, NEML, ਅਤੇ eTech ਰਾਹੀਂ ਸਾਲਾਨਾ ਲਗਭਗ 2 ਮਿਲੀਅਨ ਟਨ ਉਪਜ ਦੀ ਨੀਲਾਮੀ ਕਰਦਾ ਸੀ।

## ਸੜਕ 'ਤੇ ਪਏ ਟੋਏ ਕਾਰਨ ਗਈ ਜਾਨ ! ਮ੍ਰਿਤਕ ਦੇ ਪਰਿਵਾਰ ਨੂੰ ਮਿਲੇਗਾ 30 ਲੱਖ ਰੁਪਏ ਮੁਆਵਜ਼ਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 24 ਜੂਨ। ਦਿੱਲੀ ਜਲ ਬੋਰਡ (ਡੀਜੇਬੀ) ਵਲੋਂ ਪੁੱਟੇ ਗਏ ਟੋਏ 'ਚ ਡਿੱਗਣ ਨਾਲ 37 ਸਾਲਾ ਇਕ ਵਿਅਕਤੀ ਦੀ ਮੌਤ ਦੇ ਮਾਮਲੇ 'ਚ ਦਿੱਲੀ ਹਾਈ ਕੋਰਟ ਨੇ ਉਸ ਦੇ ਪਰਿਵਾਰ ਨੂੰ 30 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਨਾਲ ਹੀ ਅਧਿਕਾਰੀਆਂ ਨੂੰ ਅਜਿਹੇ ਮਾਮਲਿਆਂ 'ਚ ਪੀੜਤਾਂ ਨੂੰ ਤੁਰੰਤ ਵਿੱਤੀ ਸਹਾਇਤਾ ਯਕੀਨੀ ਬਣਾਉਣ ਲਈ ਇਕ ਨੀਤੀ ਤਿਆਰ 'ਤੇ ਵਿਚਾਰ ਕਰਨ ਲਈ ਵੀ ਕਿਹਾ ਹੈ। ਜਸਟਿਸ ਪੁਰਸ਼ੇਂਦਰ ਕੁਮਾਰ ਕੌਰਵ ਨੇ ਕਿਹਾ ਕਿ ਪਰਿਵਾਰ ਦੇ ਇਕਮਾਤਰ ਕਮਾਉਣ ਵਾਲੇ ਮੈਂਬਰ ਦੀ ਮੌਤ ਨਾਲ ਪਰਿਵਾਰ ਬੇਹੱਦ ਅਸੁਰੱਖਿਅਤ ਸਥਿਤੀ 'ਚ ਪਹੁੰਚ ਜਾਂਦਾ ਹੈ ਅਤੇ ਉਸ ਲਈ ਰੋਜ਼ਾਨਾ ਦਾ ਜੀਵਨ ਬਿਤਾਉਣ ਵਾਲੀ ਅਨਿਸ਼ਚਿਤ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਰਿਵਾਰਾਂ ਨੂੰ ਜਨਤਕ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਵਾਪਰੀਆਂ ਘਟਨਾਵਾਂ 'ਚ ਮੁੱਢਲੀ ਵਿੱਤੀ ਰਾਹਤ ਪ੍ਰਾਪਤ ਕਰਨ ਲਈ ਲੰਬੀਆਂ ਅਤੇ ਮਹਿੰਗੀਆਂ ਕਾਨੂੰਨੀ ਲੜਾਈਆਂ ਲੜਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਜਸਟਿਸ ਕੌਰਵ ਨੇ ਕਿਹਾ ਕਿ ਮੌਜੂਦਾ ਮਾਮਲੇ 'ਚ, ਮ੍ਰਿਤਕ ਦੀ ਪਤਨੀ, ਮਾਂ ਅਤੇ ਤਿੰਨ ਬੱਚੇ ਸਾਲ 2019 ਦੀ ਘਟਨਾ ਦੇ ਬਾਅਦ ਤੋਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨੀਤੀ ਨਿਰਮਾਣ ਕਾਰਜਪਾਲਿਕਾ ਦੀ ਜ਼ਿੰਮੇਵਾਰੀ ਹੈ, ਪਰ ਅਦਾਲਤ ਇਸ ਸਥਿਤੀ ਤੋਂ ਅੱਖਾਂ ਬੰਦ ਨਹੀਂ ਕਰ ਸਕਦੀ। ਕੋਰਟ ਨੇ ਕਿਹਾ ਕਿ ਅਧਿਕਾਰਤ ਅੰਕੜਿਆਂ ਅਨੁਸਾਰ 2023 'ਚ ਸੜਕ ਨਿਰਮਾਣ ਜਾਂ ਮੁਰੰਮਤ ਕੰਮਾਂ ਦੌਰਾਨ ਹੋਏ ਸੜਕ ਹਾਦਸਿਆਂ 'ਚ 8,426 ਲੋਕ ਜ਼ਖ਼ਮੀ ਹੋਏ ਅਤੇ 3,904 ਲੋਕਾਂ ਦੀ ਮੌਤ ਹੋਈ। ਜੱਜ ਨੇ ਕਿਹਾ ਕਿ ਅਜਿਹੇ ਹਾਦਸੇ ਅਚਾਨਕ ਨਹੀਂ ਹੁੰਦੇ, ਸਗੋਂ ਪ੍ਰਸ਼ਾਸਨਿਕ ਲਾਪਰਵਾਹੀ ਅਤੇ ਜਨਤਕ



ਬੁਨਿਆਦੀ ਢਾਂਚੇ ਦੇ ਕੰਮਾਂ 'ਚ ਲਾਜ਼ਮੀ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ 'ਚ ਅਸਫ਼ਲਤਾ ਦਾ ਨਤੀਜਾ ਹੁੰਦੇ ਹਨ। ਅਦਾਲਤ ਨੇ ਮ੍ਰਿਤਕ ਦੇ ਪਰਿਵਾਰ ਵਾਲਿਆਂ ਦੀ ਪਟੀਸ਼ਨ 'ਤੇ 29 ਮਈ ਨੂੰ ਦਿੱਤੇ ਫੈਸਲੇ 'ਚ ਕਿਹਾ,"ਅਜਿਹੇ ਮਾਮਲਿਆਂ 'ਚ ਜਲਦ ਮੁਆਵਜ਼ਾ ਪ੍ਰਦਾਨ ਕਰਨ ਲਈ ਇਕ ਸੰਗਠਿਤ ਅਤੇ ਪ੍ਰਭਾਵੀ ਨੀਤੀਗਤ ਢਾਂਚਾ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਨਾਂ ਮੁਕੱਦਮੇਬਾਜ਼ੀ ਦੇ ਤੁਰੰਤ ਮਦਦ ਉਪਲੱਬਧ ਕਰਵਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਨਾਲ ਪ੍ਰਭਾਵਿਤ ਪਰਿਵਾਰਾਂ ਦੀਆਂ ਕਠਿਨਾਈਆਂ ਘੱਟ ਹੋਣਗੀਆਂ ਅਤੇ ਜਨਤਕ ਬੁਨਿਆਦੀ ਢਾਂਚੇ ਅਤੇ ਸੁਰੱਖਿਆ ਮਾਨਕਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਵੀ ਵਧੇਗੀ।" ਮੋਟਰਸਾਈਕਲ ਸਵਾਰ ਵਿਅਕਤੀ 17 ਅਤੇ 18 ਅਪ੍ਰੈਲ 2019 ਦੀ ਦਰਮਿਆਨੀ ਰਾਤ ਡੀਜੇਬੀ ਦੇ ਦਫ਼ਤਰ ਦੇ ਸਾਹਮਣੇ ਫਿਚਾਊ ਕਲਾਂ ਖੇਤਰ 'ਚ ਮੁਰੰਮਤ ਕੰਮ ਲਈ ਪੁੱਟੇ ਗਏ ਟੋਏ 'ਚ ਡਿੱਗ ਗਿਆ ਸੀ। ਅਗਲੀ ਸਵੇਰ ਉਹ ਟੋਏ 'ਚ ਮਿਲਿਆ ਅਤੇ ਕੁਝ ਦਿਨਾਂ ਬਾਅਦ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। ਡੀਜੇਬੀ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਖੋਦਾਈ ਦਾ ਕੰਮ ਇਕ ਨਿੱਜੀ ਠੇਕੇਦਾਰ ਵਲੋਂ ਕਰਵਾਇਆ ਗਿਆ ਸੀ ਅਤੇ ਟੋਏ ਦੇ ਚਾਰੇ ਪਾਸੇ ਬੈਰੀਕੇਟ ਲਗਾਏ ਗਏ ਸਨ। ਬੋਰਡ ਨੇ ਇਹ ਵੀ ਕਿਹਾ ਕਿ ਸੰਭਵ ਹੈ ਕਿ ਸਾਹਮਣੇ ਤੋਂ ਆ ਰਹੇ ਟਰੱਕ ਦੀ ਹੈੱਡਲਾਈਟ ਕਾਰਨ ਮ੍ਰਿਤਕ ਮੋਟਰਸਾਈਕਲ ਨਾ ਰੋਕ ਸਕਿਆ ਹੋਵੇ ਅਤੇ ਹਾਦਸੇ 'ਚ ਉਸ ਦੀ ਵੀ ਕੁਝ ਭੂਮਿਕਾ ਰਹੀ ਹੋਵੇ। ਕੋਰਟ ਨੇ ਵਿਅਕਤੀ ਦੀ ਲਾਪਰਵਾਹੀ ਸੰਬੰਧ ਇਸ ਦਲੀਲ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਜਨਤਕ ਸੜਕ 'ਤੇ ਕੀਤੀ ਗਈ ਖਤਰਨਾਕ ਖੋਦਾਈ ਕੰਮ ਦੀ ਪੂਰੀ ਨਿਗਰਾਨੀ, ਸਹੀ ਰੋਸ਼ਨੀ ਅਤੇ ਤੁਰੰਤ ਐਮਰਜੈਂਸੀ ਪ੍ਰਤੀਕਿਰਿਆ ਯਕੀਨੀ ਕਰਨਾ ਬੋਰਡ ਦੀ ਜ਼ਿੰਮੇਵਾਰੀ ਸੀ। ਕੋਰਟ ਨੇ ਕਿਹਾ ਕਿ ਵਿਅਕਤੀ ਪੂਰੀ ਰਾਤ ਟੋਏ 'ਚ ਪਿਆ ਰਿਹਾ, ਜੋ ਡੀਜੇਬੀ ਵਰਗੀ ਕਾਨੂੰਨੀ ਸੰਸਥਾ ਵਲੋਂ ਜਨਤਾ ਦੇ ਪ੍ਰਤੀ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ 'ਚ ਗੰਭੀਰ ਅਸਫ਼ਲਤਾ ਨੂੰ ਦਰਸਾਉਂਦਾ ਹੈ। ਕੋਰਟ ਨੇ ਕਿਹਾ ਕਿ ਪਟੀਸ਼ਨਕਰਤਾ 30 ਲੱਖ ਰੁਪਏ ਦੀ ਇਕਮੁਸ਼ਤ ਮੁਆਵਜ਼ਾ ਰਾਸ਼ੀ ਪਾਉਣ ਦਾ ਹੱਕਦਾਰ ਹੈ। ਕੋਰਟ ਨੇ ਕਿਹਾ ਕਿ ਹਾਲਾਂਕਿ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਵੀ ਡੀਜੇਬੀ ਤੋਂ 50 ਹਜ਼ਾਰ ਰੁਪਏ ਮਿਲ ਚੁੱਕੇ ਹਨ, ਇਸ ਲਈ ਪ੍ਰਤੀਵਾਦੀਆਂ ਨੂੰ 29.50 ਲੱਖ ਰੁਪਏ ਮੁਆਵਜ਼ੇ ਦੀ ਤਰੀਕ ਤੋਂ ਭੁਗਤਾਨ ਤੱਕ 6 ਫੀਸਦੀ ਸਾਲਾਨਾ ਸਾਧਾਰਨ ਵਿਆਜ਼ ਨਾਲ ਤਿੰਨ ਮਹੀਨਿਆਂ ਦੇ ਅੰਦਰ ਦੇਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ।

## ਹੋਰਮੁਜ਼ ਦੋਵੇਂ ਪਾਸਿਆਂ ਤੋਂ ਖੁੱਲ੍ਹਿਆ ! 11 ਭਾਰਤੀ ਜਾਹਜ਼ ਹੋਏ ਪਾਰ, 10 ਅਜੇ ਵੀ ਕਰ ਰਹੇ ਇੰਤਜਾਰ

ਨੈਸ਼ਨਲ ਡੈਸਕ 24 ਜੂਨ। ਪੱਛਮੀ ਏਸ਼ੀਆ 'ਚ ਟਕਰਾਅ ਨੂੰ ਖਤਮ ਕਰਨ ਲਈ ਅਮਰੀਕਾ ਤੇ ਈਰਾਨ ਵਿਚਕਾਰ ਇੱਕ ਸਮਝੌਤਾ ਪੱਤਰ (ਐਮ.ਓ.ਯੂ.) ਨੂੰ ਅੰਤਿਮ ਰੂਪ ਦੇਣ ਤੋਂ ਬਾਅਦ 11 ਭਾਰਤ ਜਾਣ ਵਾਲੇ ਜਹਾਜ਼ ਹੋਰਮੁਜ਼ ਸਟਰੇਟ ਤੋਂ ਲੰਘੇ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਅਜੇ ਤੱਕ ਸਾਡੇ 10 ਭਾਰਤੀ ਝੰਡੇ ਵਾਲੇ ਜਹਾਜ਼ ਅਜੇ ਵੀ ਫਾਰਸ ਦੀ ਖਾੜੀ ਖੇਤਰ ਵਿੱਚ ਹਨ। ਇਸ ਤੋਂ ਇਲਾਵਾ ਦੋ ਹੋਰ ਜਹਾਜ਼ ਹਾਲ ਹੀ ਵਿੱਚ ਉੱਥੇ ਪਹੁੰਚੇ ਹਨ । ਉਸਨੇ ਅੱਗੇ ਕਿਹਾ ਕਿ 17 ਜੂਨ ਨੂੰ ਸਮਝੌਤੇ 'ਤੇ ਦਸਤਖਤ ਹੋਣ ਤੋਂ ਬਾਅਦ 11 ਭਾਰਤ ਜਾਣ ਵਾਲੇ ਜਹਾਜ਼ ਹੋਰਮੁਜ਼ ਜਲਡਮਰੂ ਤੋਂ ਲੰਘੇ ਹਨ । ਜਾਇਸਵਾਲ ਨੇ ਕਿਹਾ ਕਿ ਜਹਾਜ਼ਾਂ 'ਚ ਤਿੰਨ ਭਾਰਤੀ ਝੰਡੇ ਵਾਲੇ ਕੱਚੇ ਤੇਲ ਦੇ ਟੈਂਕਰ ਸ਼ਾਮਲ ਹਨ, ਹਰੇਕ ਵਿੱਚ 285,000 ਮੀਟ੍ਰਿਕ ਟਨ ਤੋਂ ਵੱਧ ਕੱਚਾ ਤੇਲ ਹੈ, ਨਾਲ ਹੀ ਇੱਕ ਵਿਦੇਸ਼ੀ ਝੰਡੇ ਵਾਲਾ ਐਲਪੀਜੀ ਕੈਰੀਅਰ, ਇੱਕ ਵਿਦੇਸ਼ੀ ਝੰਡੇ ਵਾਲਾ ਕੱਚਾ ਤੇਲ ਟੈਂਕਰ ਅਤੇ ਛੇ ਵਿਦੇਸ਼ੀ ਝੰਡੇ ਵਾਲੇ ਭਾਰੀ ਕਾਰਗੋ ਜਹਾਜ਼ ਖਾਦ ਲੈ ਕੇ ਜਾਂਦੇ ਹਨ। ਉਸਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਬਾਕੀ ਰਹਿੰਦੇ ਭਾਰਤੀ ਝੰਡੇ ਵਾਲੇ ਜਹਾਜ਼ ਵੀ ਜਲਦੀ ਹੀ ਹੋਰਮੁਜ਼ ਸਟਰੇਟ ਵਿੱਚੋਂ ਲੰਘ ਸਕਣਗੇ ।

## ਅਮੋਨੀਆ ਗੈਸ ਲੀਕ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ ਹੋਈ ਪੰਜ

ਵੈੱਬ ਡੈਸਕ 24 ਜੂਨ। ਤਾਮਿਲਨਾਡੂ ਦੇ ਤਿਰੂਵੱਲੁਰ ਜ਼ਿਲ੍ਹੇ 'ਚ ਇੱਕ ਝੀਂਗਾ ਪ੍ਰੋਸੈਸਿੰਗ ਯੂਨਿਟ ਵਿਚ ਅਮੋਨੀਆ ਗੈਸ ਲੀਕ ਹੋਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਪੰਜ ਹੋ ਗਈ ਹੈ ਤੇ 67 ਮਜ਼ਦੂਰਾਂ ਦਾ ਇਲਾਜ ਚੱਲ ਰਿਹਾ ਹੈ। ਰਾਜ ਦੇ ਕਿਰਤ ਭਲਾਈ ਤੇ ਹੁਨਰ ਵਿਭਾਗ ਦੇ ਮੰਤਰੀ ਜੇ. ਮੁਹੰਮਦ ਫਰਵਾਸ ਨੇ ਦੱਸਿਆ ਕਿ ਇਹ ਰਿਸਾਅ ਆਈਸ ਫਲੇਕ ਜਨਰੇਟਰ ਮਸ਼ੀਨ ਵਿਚ ਗੈਸ ਲਿਜਾਣ ਵਾਲੀ ਪਾਈਪਲਾਈਨ ਦੇ ਵਾਲਵ ਵਿਚ ਖਰਾਬੀ ਕਾਰਨ ਹੋਇਆ ਹੈ। ਇਸ ਇਕਾਈ ਵਿਚ ਕੰਮ ਕਰਨ ਅਤੇ ਰਹਿਣ ਵਾਲੇ ਕੁੱਲ 74 ਲੋਕ (70 ਔਰਤਾਂ ਅਤੇ 4 ਪੁਰਸ਼) ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿੱਚੋਂ ਬਦਕਿਸਮਤੀ ਨਾਲ ਪੰਜ ਔਰਤਾਂ ਦੀ ਮੌਤ ਹੋ ਗਈ ਹੈ। 15 ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਭਰਤੀ ਕੀਤਾ ਗਿਆ ਹੈ ਅਤੇ 27 ਹੋਰਾਂ ਦਾ ਨਿੱਜੀ ਹਸਪਤਾਲਾਂ ਦੇ ਆਈਸੀਯੂ (93") ਵਿੱਚ ਇਲਾਜ ਚੱਲ ਰਿਹਾ ਹੈ। ਮੁੱਖ ਮੰਤਰੀ ਸੀ. ਜੋਸਫ਼ ਵਿਜੇ ਦੇ ਨਿਰਦੇਸ਼ਾਂ ਅਨੁਸਾਰ ਸਾਰਿਆਂ ਨੂੰ ਉੱਚ ਗੁਣਵੱਤਾ ਵਾਲਾ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਸਰਕਾਰੀ ਖਰਚੇ 'ਤੇ ਮ੍ਰਿਤਕਾਂ ਦੀਆਂ ਦੇਹਾਂ ਨੂੰ ਉਨ੍ਹਾਂ ਦੇ ਜੱਦੀ ਰਾਜਾਂ ਵਿੱਚ ਭੇਜਣ ਦੇ ਪ੍ਰਬੰਧ ਕੀਤੇ ਜਾਣਗੇ। ਮੁੱਖ ਮੰਤਰੀ ਨੇ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜੋ 24 ਘੰਟਿਆਂ ਵਿਚ ਅੰਤਰਿਮ ਰਿਪੋਰਟ ਤੇ ਤਿੰਨ ਦਿਨਾਂ ਵਿੱਚ ਅੰਤਿਮ ਰਿਪੋਰਟ ਸੌਂਪੇਗੀ। ਅਧਿਕਾਰੀਆਂ ਨੂੰ ਸਾਰੇ ਖਤਰਨਾਕ ਉਦਯੋਗਾਂ ਦੀ ਸਾਂਝੀ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਸਿਹਤ ਵਿਭਾਗ ਅਨੁਸਾਰ, ਪ੍ਰਭਾਵਿਤ 69 ਲੋਕਾਂ ਵਿੱਚੋਂ ਦੋ ਨੂੰ ਛੁੱਟੀ ਦੇ ਦਿੱਤੀ ਗਈ ਹੈ, ਜਦਕਿ ਬਾਕੀ 67 ਜ਼ਖਮੀਆਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਜਾਰੀ ਹੈ।

## ਪੰਜਾਬ ਦਾ ਉਦਯੋਗਿਕ ਗੌਰਵ ਮੁੜ ਬਹਾਲ ਕਰਾਂਗੇ : ਨਿਤਿਨ ਨਬੀਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਲੁਧਿਆਣਾ 24 ਜੂਨ। ਪੰਜਾਬ ਦੇ ਸਨਅਤ ਅਤੇ ਕਾਰੋਬਾਰੀ ਗੌਰਵ ਨੂੰ ਮੁੜ ਬਹਾਲ ਕਰਨਾ ਭਾਜਪਾ ਦਾ ਸਕੰਲਪ ਹੈ ਅਤੇ ਇਹ ਹਰ ਹੀਲੇ ਕੀਤਾ ਜਾਵੇਗਾ। ਪੰਜਾਬ ਵਿੱਚ ਉਦੋਯਗਿਕ ਵਿਕਾਸ ਅਤੇ ਨਿਵੇਸ਼ ਲਈ ਸਾਜ਼ਗਾਰ ਮਾਹੌਲ ਬਣੇਗਾ ਅਤੇ ਕਿਸਾਨੀ ਵੀ ਇਸ ਦੇ ਨਾਲ-ਨਾਲ ਸਮਾਂਤਰ ਚੱਲੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਕੀਤਾ। ਆਪਣੇ ਪੰਜਾਬ ਦੌਰੇ ਦੌਰਾਨ ਉਹ ਲੁਧਿਆਣਾ ਵਿੱਚ ਪੰਜਾਬ ਦੇ ਸਨਅਤਕਾਰਾਂ ਦੀਆਂ ਸਮੱਸਿਆਵਾਂ ਸੁਣ ਰਹੇ ਸਨ। ਉਨ੍ਹਾਂ ਕਿਹਾ ਕਿ ਉਦਯੋਗ ਦੇ ਹਰ ਵਰਗ ਦੀਆਂ ਸਮੱਸਿਆਵਾਂ ਵੱਖ-ਵੱਖ ਹੁੰਦੀਆਂ ਹਨ, ਪਰ ਇਨ੍ਹਾਂ ਦੇ ਹੱਲ ਲਈ ਸਰਕਾਰ ਦੀ ਨੀਤੀ, ਨੀਅਤ ਅਤੇ ਨਿਰਣਾਇਕ ਅਗਵਾਈ ਦਾ ਅਹਿਮ ਰੋਲ ਹੁੰਦਾ ਹੈ। ਭਾਜਪਾ ਇਸ ਬਾਰੇ ਸਪੱਸ਼ਟ ਹੈ। ਪੰਜਾਬ ਦੇ ਉਦਯੋਗਿਕ ਮਸਲਿਆਂ ਵਿੱਚ ਕੇਂਦਰ ਸਰਕਾਰ ਦਾ ਪੰਜਾਬ ਸਰਕਾਰ ਬਣਦਾ ਸਹਿਯੋਗ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣੀ ਖੇਤੀ ਅਤੇ ਸਨਅਤ ਲਈ ਪੂਰੇ ਦੇਸ ਵਿੱਚ ਖਾਸ ਪਛਾਣ ਰੱਖਦੇ ਸੀ, ਪੰਜਾਬ ਦੀ ਸਨਅਤੀ ਵਿਰਾਸਤ ਇੰਨੀ ਤਗੜੀ ਰਹੀ ਹੋਵੇ ਅਤੇ ਜੇ ਅੱਜ



ਉਹ ਨਹੀਂ ਰਹੀ ਤਾਂ ਇਹ ਚਿੰਤਾ ਦਾ ਮੁੱਦਾ ਹੈ, ਇਸ ਦੀ ਜਵਾਬਦੇਹੀ ਕੇਂਦਰ ਸਰਕਾਰ ਅਤੇ ਭਾਜਪਾ ਕਰੇਗੀ। ਉਨ੍ਹਾਂ ਕਿਹਾ ਕਿ ਅਸੀਂ ਲਗਾਤਾਰ ਸੰਵਾਦ ਕਰ ਰਹੇ ਹਾਂ, ਇਸ ਨਾਲ ਹੀ ਚੀਜ਼ਾਂ ਅੱਗੇ ਵਧਦੀਆਂ ਹਨ, ਜੇਕਰ ਕੋਈ ਸਰਕਾਰ ਇਸ ਨੂੰ ਨੈਗੇਟਿਵ ਵਿਚਾਰ ਵਜੋਂ ਲੈਂਦੀ ਹੈ ਤਾਂ ਵਿਕਾਸ ਸੰਭਵ ਹੀ ਨਹੀਂ ਹੈ। ਨਿਤਿਨ ਨਬੀਨ ਨੇ ਕਿਹਾ ਕਿ ਕੋਰੋਨਾ ਕਾਲ ਦੌਰਾਨ ਜਦੋਂ ਉਹ ਬਿਹਾਰ ਦੇ ਮੰਤਰੀ ਸਨ ਤਾਂ ਉਨ੍ਹਾਂ ਖੁਦ ਦੇਖਿਆ ਸੀ ਕਿ ਕਿਵੇਂ ਪੰਜਾਬ ਤੋਂ ਉਦਯੋਗ ਦਾ ਪਲਾਇਨ ਬਿਹਾਰ ਵਿੱਚ ਹੋਇਆ ਸੀ। ਉਨ੍ਹਾਂ ਕਿਹਾ ਕਿ ਦਰਅਸਲ ਪੰਜਾਬ ਵਿੱਚ ਉਦਯੋਗ ਲਈ ਨਾ ਚੰਗਾ ਵਾਤਾਵਰਨ ਹੈ ਅਤੇ ਉਸ ਨਾ ਹੀ ਸਪੋਰਟ ਸਿਸਟਮ, ਜਦੋਂ ਤੱਕ ਸੂਬੇ ਵਿੱਚ ਚੰਗੀ ਉਦਯੋਗਿਕ ਨੀਤੀ ਨਹੀਂ ਹੋਵੇਗੀ, ਉਦੋਂ ਤੱਕ ਉਦਯੋਗ ਤਰੱਕੀ ਨਹੀਂ ਕਰ ਸਕਦਾ। ਇਸ ਦੇ ਨਾਲ-ਨਾਲ ਢੁਕਵੀਂ ਅਮਨ ਕਾਨੂੰਨ ਦੀ ਹਾਲਤ ਅਤੇ ਸੁਸ਼ਾਸ਼ਨ ਹੋਣਾ ਚਾਹੀਦਾ ਹੈ। ਉਦਯੋਗਪਤੀਆਂ ਨੇ ਜਿੱਥੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਨੂੰ ਲੈ-ਕੇ ਸਵਾਲ ਖੜ੍ਹੇ ਕੀਤੇ, ਉੱਥੇ ਗੈਂਗਸਟਰਵਾਦ, ਰੰਗਦਾਰੀ ਅਤੇ ਨਾਜ਼ੁਕ ਅਮਨ ਕਾਨੂੰਨ ਦੀ ਹਾਲਤ ਉੱਤੇ ਵੀ ਸਵਾਲ ਚੁੱਕੇ। ਮੰਡੀ ਗੋਬਿੰਦਗੜ੍ਹ ਦੇ ਉਦਯੋਗਪਤੀਆਂ ਨੇ ਨਿਤਿਨ ਨਬੀਨ ਨੂੰ ਦੱਸਿਆ ਕਿ ਪੰਜਾਬ ਵਿੱਚ ਲੋਹੇ ਦੇ ਰੀਸਾਇਕਲਿੰਗ ਉਦਯੋਗ ਵਿੱਚ ਬੋਗਸ ਜੀਐੱਸਟੀ ਬਿੱਲ ਘੋਟਾਲੇ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਰੀਬ ਦੋ ਲੱਖ ਕਰੋੜ ਰੁਪਏ ਦਾ ਚੂਨਾ ਲੱਗਦਾ ਹੈ।



# ਜਲੰਧਰ ਹਾਈਟਸ-3 'ਚ ਔਰਤ ਚਲਾ ਰਹੀ ਸੀ ਕਿ ਸਰਕਾਰੀ ਨੌਕਰੀ ਦਾ ਫਰੀਜ਼ਵਾੜਾ

ਕੌਮੀ ਪਤ੍ਰਿਕਾ

ਜਲੰਧਰ 24 ਜੂਨ। ਜਲੰਧਰ ਹਾਈਟਸ-3 'ਚ ਇਕ ਔਰਤ ਆਪਣੇ ਆਪ ਨੂੰ ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਦੱਸਦੀ ਸੀ ਅਤੇ ਲੋਕਾਂ ਨੂੰ ਡਾਕਟਰ, ਪੁਲਸ ਇੰਸਪੈਕਟਰ, ਸਬ-ਇੰਸਪੈਕਟਰ ਅਤੇ ਨੌਕਰੀਆਂ ਦਾ ਵਾਅਦਾ ਕਰਕੇ ਠੱਗਦੀ ਸੀ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਨੇ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਮਹਿਲਾ ਦੀ ਪਛਾਣ ਪੂਜਾ ਠਾਕੁਰ ਵਜੋਂ ਹੋਈ ਹੈ। ਸਦਰ ਪੁਲਸ ਨੂੰ ਸ਼ੱਕ ਹੈ ਕਿ ਉਸ ਨੇ 200 ਤੋਂ ਵੱਧ ਲੋਕਾਂ ਨਾਲ ਧੋਖਾਧੜੀ ਕੀਤੀ ਹੈ। ਪੂਜਾ ਠਾਕੁਰ ਵਿਰੁੱਧ ਧੋਖਾਧੜੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਐੱਫ਼. ਆਈ. ਆਰ. ਦਰਜ ਕੀਤੀ ਗਈ ਹੈ। ਸਦਰ ਪੁਲਸ ਥਾਣੇ ਦੇ ਐੱਸ. ਐੱਚ. ਓ. ਸੰਜੀਵ ਸੂਰੀ ਨੇ ਦੱਸਿਆ ਕਿ ਡਾਕਟਰ ਮਨਮੋਹਨ ਸਿੰਘ, ਇਕ ਏ. ਜੀ. ਆਈ. ਡਾਕਟਰ ਮਨਮਹਿਕ ਨੇ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸ਼ਿਕਾਇਤ 'ਚ ਉਨ੍ਹਾਂ ਨੇ ਕਿਹਾ ਕਿ ਪੂਜਾ ਨੇ ਉਨ੍ਹਾਂ ਨੂੰ ਝਾਂਸੇ ਵਿਚ ਲਿਆ ਅਤੇ ਇਹ ਦਾਅਵਾ ਕਰਦੇ ਹੋਏ ਕਿਹਾ ਕਿ ਉਸ ਦੇ ਗ੍ਰਹਿ ਮੰਤਰਾਲੇ ਵਿਚ ਉਸ ਦੀ ਜਾਣ-ਪਛਾਣ ਹੈ ਅਤੇ ਉਹ ਆਪਣੇ ਨਜ਼ਦੀਕੀ ਸਾਥੀਆਂ ਨੂੰ ਸਰਕਾਰੀ ਨੌਕਰੀਆਂ ਦਿਵਾ ਸਕਦੀ ਹੈ। ਅਜਿਹੇ ਵਿਚ ਬਹੁਤ ਸਾਰੇ ਲੋਕਾਂ ਨੇ ਨੌਕਰੀਆਂ ਦੇ ਨਾਮ 'ਤੇ ਉਸ ਨੂੰ ਪੈਸੇ ਟ?ਰਾਂਸਫਰ ਕੀਤੇ। ਜਾਂਚ ਵਿਚ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਪੂਜਾ ਨੇ ਲੋਕਾਂ ਤੋਂ ਏ. ਐੱਸ. ਆਈ. ਦੀ ਨੌਕਰੀ ਲਈ 3 ਲੱਖ ਰੁਪਏ, ਕਾਂਸਟੇਬਲ ਦੀ ਨੌਰਕਰੀ ਲਈ 1.5 ਲੱਖ ਰੁਪਏ, ਨਰਸ ਦੀ ਨੌਕਰੀ ਲਈ 1.5 ਲੱਖ ਰੁਪਏ ਅਤੇ ਡਾਕਟਰ ਦੇ ਅਹੁਦਿਆਂ ਲਈ 1.5 ਲੱਖ ਰੁਪਏ ਵਸੂਲੀ ਸੀ। ਪੂਜਾ ਨੇ ਸਾਰਿਆਂ ਨੂੰ ਦੱਸਿਆ ਕਿ ਉਸ ਦੇ ਗ੍ਰਹਿ ਮੰਤਰਾਲੇ ਵਿੱਚ ਚੰਗੇ ਸਬੰਧ ਹਨ ਅਤੇ ਉਹ ਉੱਥੇ ਕੰਮ ਕਰਦੀ ਹੈ। ਪੁਲਸ ਨੇ ਪੂਜਾ ਦੇ ਕਬਜ਼ੇ 'ਚੋਂ 20 ਨਿਯੁਕਤੀ ਪੱਤਰ, ਜਾਅਲੀ ਸਰਕਾਰੀ ਕਾਰਡ, ਇਕ ਲੈਪਟਾਪ ਅਤੇ ਇਕ ਮੋਬਾਇਲ ਫੋਨ ਬਰਾਮਦ ਕੀਤਾ। ਮਨਮਹਿਕ ਦੀ ਸ਼ਿਕਾਇਤ ਮੁਤਾਬਕ ਉਸ ਨਾਲ 18 ਲੱਖ ਰੁਪਏ ਦੀ ਧੋਖਾਧੜੀ ਕੀਤੀ ਗਈ ਸੀ। ਪੂਜਾ ਤੋਂ ਅਜੇ ਤੱਕ ਨਕਦੀ ਬਰਾਮਦ ਨਹੀਂ ਹੋਈ ਹੈ। ਪੁਲਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਪੂਜਾ ਸ਼ਾਮ ਨੂੰ ਪਾਰਕ 'ਚ ਸੈਰ ਕਰਦੇ ਸਮੇਂ ਜਲੰਧਰ ਹਾਈਟਸ 'ਚ ਲੋਕਾਂ ਨੂੰ ਮਿਲੀ ਸੀ।




ਇਸ ਦੌਰਾਨ ਉਸ ਨੇ ਲੋਕਾਂ ਨੂੰ ਦੱਸਿਆ ਸੀ ਕਿ ਉਸ ਦੇ ਮਾਤਾ-ਪਿਤਾ ਦਾ ਦਿਹਾਂਤ ਹੋ ਗਿਆ ਹੈ, ਉਸ ਨੇ ਗਣਿਤ ਵਿੱਚ ਪੀ. ਐੱਚ. ਡੀ. ਕੀਤੀ ਹੈ ਅਤੇ ਉਹ ਐੱਮ. ਐੱਚ. ਓ. 'ਚ ਰਹਿ ਚੁੱਕ ਹੈ। ਪੂਜਾ ਮੁਤਾਬਕ ਉਸ ਦੇ ਉੱਥੇ ਬਹੁਤ ਸਾਰੇ ਸੰਪਰਕ ਸਨ ਅਤੇ ਉਹ ਲੋਕਾਂ ਨੂੰ ਸਰਕਾਰੀ ਨੌਕਰੀਆਂ ਦਿਵਾਉਣ ਵਿੱਚ ਮਦਦ ਕਰ ਸਕਦੀ ਸੀ। ਪੂਜਾ ਚਾਰ ਤੋਂ ਪੰਜ ਮਹੀਨਿਆਂ ਤੋਂ ਏ. ਜੀ. ਆਈ. ਫਲੈਟ 'ਚ ਰਹਿ ਰਹੀ ਸੀ। ਜਾਂਚ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਪੂਜਾ ਕੋਲ ਪਹਿਲਾਂ ਹੀ ਲੈਟਰਹੈੱਡ ਸਨ। ਉਹ ਬਾਹਰੋਂ ਜਾਅਲੀ ਨਿਯੁਕਤੀ ਪੱਤਰ ਛਾਪ ਕੇ ਲੋਕਾਂ ਨੂੰ ਦਿੰਦੀ ਸੀ, ਉਨ੍ਹਾਂ ਨਾਲ ਧੋਖਾਧੜੀ ਕਰਦੀ ਸੀ। ਪੁਲਸ ਨੇ ਸਿਵਲ ਹਸਪਤਾਲ 'ਚ ਦੋਸ਼ੀ ਔਰਤ ਦੀ ਡਾਕਟਰੀ ਜਾਂਚ ਕਰਵਾਈ ਅਤੇ ਉਸ ਨੂੰ ਅਦਾਲਤ 'ਚ ਪੇਸ਼ ਕੀਤਾ, ਅਤੇ ਉਸ ਨੂੰ ਤਿੰਨ ਦਿਨਾਂ ਦੇ ਰਿਮਾਂਡ ਵਿਚ ਲਿਆ ਗਿਆ ਹੈ। ਜਾਂਚ ਵਿਚ ਸਾਹਮਣੇ ਆਇਆ ਹੈ ਇਹ ਇਕ ਵੱਡਾ ਅੰਤਰਰਾਜੀ ਰੈਕੇਟ ਹੈ। ਪੂਜਾ ਠਾਕੁਰ ਦਾ ਅਸਲੀ 'ਬੌਸ' ਦਿੱਲੀ 'ਚ ਬੈਠਾ ਹੈ, ਜੋ ਉੱਥੋਂ ਪੂਰਾ ਨੈੱਟਵਰਕ ਚਲਾਉਂਦਾ ਹੈ। ਔਰਤ ਨੇ ਪੀੜਤਾਂ ਨੂੰ ਦੱਸਿਆ ਕਿ ਉਸ ਦਾ ਮੁੱਖ ਦਫ਼ਤਰ ਦਿੱਲੀ 'ਚ ਹੈ ਅਤੇ ਇਕ 'ਰਾਈਡਰ' ਹਰ ਦੂਜੇ ਦਿਨ ਉੱਥੋਂ ਪੈਸੇ ਲੈਣ ਲਈ ਆਉਂਦਾ ਹੈ।

### ਪੰਜਾਬ 'ਚ 1,35,00,00,000 ਕਰੋੜ ਦੀ ਹੈਰੋਇਨ ਜ਼ਬਤ, ਸਰਹੱਦੀ ਪਿੰਡ 'ਚ ਸੁੱਟੀ ਗਈ ਵੱਡੀ ਖੇਪ

ਅੰਮ੍ਰਿਤਸਰ 24 ਜੂਨ। ਬੀ. ਐਸ. ਐਫ. ਅੰਮ੍ਰਿਤਸਰ ਸੈਕਟਰ ਅਤੇ ਏ. ਐੱਨ. ਟੀ. ਐੱਫ. ਦੀ ਟੀਮ ਨੇ ਸਾਂਝੇ ਆਪ੍ਰੇਸ਼ਨ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਸਹੂਰਾ 'ਚੋਂ 27 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਹੈ। ਇਹ ਪਿੰਡ ਅੰਤਰਾਸ਼ਟਰੀ ਸਰਹੱਦ ਤੋਂ ਸਿਰਫ਼ 6 ਕਿਲੋਮੀਟਰ ਪਿੱਛੇ ਸਥਿਤ ਹੈ। ਅੰਤਰਾਸ਼ਟਰੀ ਬਾਜ਼ਾਰ 'ਚ ਹੈਰੋਇਨ ਦੀ ਕੀਮਤ ਕਰੀਬ 135 ਕਰੋੜ ਰੁਪਏ ਦੱਸੀ ਜਾ ਰਹੀ ਹੈ। ਅਧਿਕਾਰੀਆਂ ਮੁਤਾਬਕ ਜ਼ਬਤ ਕੀਤੀ ਹੈਰੋਇਨ 3 ਵੱਡੇ ਪੈਕੇਟਾਂ 'ਚ ਸੀ। ਇਸ ਤੋਂ ਸਾਫ਼ ਹੈ ਕਿ ਤਸਕਰ 10-12 ਕਿਲੋ ਭਾਰ ਚੁੱਕਣ 'ਚ ਸਮਰੱਥ ਵੱਡੇ ਹੈਲੀਕਾਪਟਰ ਡਰੋਨ ਦੀ ਵਰਤੋਂ ਕਰ ਰਹੇ ਹਨ। ਰਿਪੋਰਟਾਂ ਅਨੁਸਾਰ ਦੋ ਦਿਨ ਪਹਿਲਾਂ ਵੀ ਇਸੇ ਇਲਾਕੇ 'ਚੋਂ 6 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ ਅਤੇ ਫਿਰੋਜ਼ਪੁਰ ਦੇ ਇੱਕ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਲਗਾਤਾਰ ਬਰਾਮਦਗੀਆਂ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਹਨ।

## ਮੋਬਾਈਲ ਲੁੱਟਣ ਵਾਲੇ ਗਿਰੋਹ ਦੇ 3 ਮੈਂਬਰ ਕਾਬੂ, ਚੋਰੀ ਦੇ 4 ਮੋਟਰਸਾਈਕਲ ਤੇ 12 ਫੋਨ ਬਰਾਮਦ

ਕੌਮੀ ਪਤ੍ਰਿਕਾ

ਲੁਧਿਆਣਾ 24 ਜੂਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਲੁੱਟ-ਖੋਹ ਅਤੇ ਵਾਹਨ ਚੋਰੀ ਕਰਨ ਵਾਲੇ ਇੱਕ ਸਰਗਰਮ ਗਿਰੋਹ ਦੇ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਚੋਰੀ ਦੇ 4 ਮੋਟਰਸਾਈਕਲ, 12 ਮੋਬਾਇਲ ਫੋਨ ਅਤੇ 1 ਲੋਹੇ ਦਾ ਦਾਤ ਬਰਾਮਦ ਕੀਤਾ ਹੈ। ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਕਰਨ ਮੇਸ਼ੀ (ਸਮਰਾਲਾ ਚੌਕ), ਭੂਮਣ ਸਿੰਘ ਉਰਫ਼ ਸਨੀ (ਭੱਟੀਆਂ ਬੇਟ) ਤੇ ਰਾਹੁਲ ਉਰਫ਼ ਨਾਈ (ਗੁਰੂ ਹਰਿ ਰਾਏ ਨਗਰ) ਵਜੋਂ ਹੋਈ ਹੈ। ਏ.ਡੀ.ਸੀ.ਪੀ-1 ਸਮੀਰ ਵਰਮਾ ਤੇ ਏ.ਸੀ.ਪੀ. ਨਾਰਥ ਕਿੱਕਰ ਸਿੰਘ ਭੁੱਲਰ ਨੇ ਦੱਸਿਆ ਕਿ ਲੰਘੀ 5 ਜੂਨ ਨੂੰ ਅਸ਼ੋਕ ਨਗਰ ਦੀ ਇੱਕ ਔਰਤ ਜਦੋਂ ਦਵਾਈ ਲੈਣ ਜਾ ਰਹੀ ਸੀ ਤਾਂ ਮੋਟਰਸਾਈਕਲ ਸਵਾਰ ਲੁਟੇਰੇ ਉਸਦਾ ਮੋਬਾਇਲ ਖੋਹ ਕੇ ਫਰਾਰ ਹੋ ਗਏ ਸਨ। ਥਾਣਾ ਮੁਖੀ ਹਰਸ਼ਵੀਰ ਸਿੰਘ ਸੰਧੂ ਅਤੇ ਚੌਕੀ ਇੰਚਾਰਜ ਜਿੰਦਰ ਲਾਲ ਸਿੱਧੂ ਦੀ ਅਗਵਾਈ ਹੇਠ ਪੁਲਸ ਨੇ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ। ਇਸੇ ਦੌਰਾਨ 17 ਜੂਨ ਨੂੰ ਪੁਲਸ ਨੂੰ ਮੁਖਬਰੀ ਮਿਲੀ ਕਿ ਇਹ ਮੁਲਜ਼ਮ ਚੋਰੀ ਦਾ ਮੋਟਰਸਾਈਕਲ ਵੇਚਣ ਜਾ ਰਹੇ ਹਨ, ਜਿਸ 'ਤੇ ਕਾਰਵਾਈ ਕਰਦੇ ਪੁਲਸ ਨੇ ਇਨ੍ਹਾਂ ਨੂੰ ਦਬੋਚ ਲਿਆ। ਪੁਲਸ ਮੁਤਾਬਕ ਮੁਲਜ਼ਮਾਂ ਨੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ 4 ਮੋਟਰਸਾਈਕਲ ਚੋਰੀ ਕੀਤੇ ਹੋਏ ਸਨ। ਪੁਲਸ ਦੀ ਅੱਖ ਤੋਂ ਬਚਣ ਲਈ ਤੇ ਨੰਬਰ ਪਲੇਟ ਟ?ਰੇਸ ਨਾ ਹੋਣ ਦੇਣ ਲਈ ਉਹ ਹਰ ਵਾਰਦਾਤ ਤੋਂ ਬਾਅਦ ਮੋਟਰਸਾਈਕਲ ਬਦਲ ਲੈਂਦੇ ਸਨ ਤੇ



ਪਹਿਲੇ ਵਾਹਨ ਨੂੰ ਛੁਪਾ ਦਿੰਦੇ ਸਨ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਤਿੰਨੋਂ ਮੁਲਜ਼ਮ ਨਸ਼ੇ ਦੇ ਆਦੀ ਹਨ ਤੇ ਆਪਣੇ ਨਸ਼ੇ ਦੇ ਖ਼ਰਚੇ ਪੂਰੇ ਕਰਨ ਲਈ ਹੀ ਲੁੱਟ-ਖੋਹ ਦਾ ਸਾਮਾਨ ਸਸਤੇ ਭਾਅ ਵੇਚਦੇ ਸਨ। ਮੁਲਜ਼ਮ ਕਰਨ ਮੇਸ਼ੀ ਤੇ ਰਾਹੁਲ ਨਾਈ ਪੁਰਾਣੇ ਅਪਰਾਧੀ ਹਨ, ਜੋ ਜ਼ਮਾਨਤ 'ਤੇ ਬਾਹਰ ਆਏ ਸਨ। ਪੁਲਸ ਨੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ, ਜਿਸ ਦੌਰਾਨ ਕਈ ਹੋਰ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

## ਵੰਦੇ ਭਾਰਤ ਐਕਸਪ੍ਰੈੱਸ ਦੀ ਲਪੇਟ 'ਚ ਆਈ ਵਿਦਿਆਰਥਣ ! ਹੋਈ ਦਰਦਨਾਕ ਮੌਤ

ਬਠਿੰਡਾ 24 ਜੂਨ। ਸ਼ਨੀਵਾਰ ਸਵੇਰੇ ਸਥਾਨਕ ਰੇਲਵੇ ਪਲੇਟਫਾਰਮ ਨੇੜੇ ਰੇਲਵੇ ਲਾਈਨ ਪਾਰ ਕਰ ਰਹੀ ਇਕ 17 ਸਾਲਾ ਲੜਕੀ ਦੀ ਤੇਜ਼ ਰਫ਼ਤਾਰ ਵੰਦੇ ਭਾਰਤ ਟ?ਰੇਨ ਦੀ ਲਪੇਟ ਵਿਚ ਆਉਣ ਕਾਰਨ



ਦਰਦਨਾਕ ਮੌਤ ਹੋ ਗਈ। ਇਸ ਹਾਦਸੇ ਨਾਲ ਰਾਮਪੁਰਾ ਫੂਲ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ, ਜਦਕਿ ਇਕ ਹੋਣਹਾਰ ਵਿਦਿਆਰਥਣ ਦੇ ਸੁਨਹਿਰੇ ਸੁਪਨੇ ਹਮੇਸ਼ਾ ਲਈ ਟੁੱਟ ਗਏ। ਮ੍ਰਿਤਕਾ ਦੀ ਪਛਾਣ ਨੀਲਮ ਕੌਰ (17) ਪੁੱਤਰੀ ਰਾਜੂ ਸਿੰਘ ਵਾਸੀ ਗਾਂਧੀ ਨਗਰ, ਰਾਮਪੁਰਾ ਫੂਲ ਵਜੋਂ ਹੋਈ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਸਹਾਰਾ ਸਮਾਜ ਸੇਵਾ ਸੰਸਥਾ ਦੇ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਜੀ.ਆਰ.ਪੀ. ਦੀ ਮੌਜੂਦਗੀ ਵਿਚ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਪਹੁੰਚਾਇਆ ਗਿਆ। ਜਾਣਕਾਰੀ ਅਨੁਸਾਰ ਨੀਲਮ ਦੇ ਪਿਤਾ ਰਾਜੂ ਸਿੰਘ ਸਬਜ਼ੀਆਂ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ। ਦੋ ਭੈਣ-ਭਰਾਵਾਂ ਵਿਚ ਆਪਣੇ ਭਰਾ ਤੋਂ ਛੋਟੀ ਨੀਲਮ ਨੇ ਹਾਲ ਹੀ ਵਿਚ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਅੱਗੇ ਚੱਲ ਕੇ ਕਾਨੂੰਨ ਦੀ ਪੜ੍ਹਾਈ ਕਰਕੇ ਵਕੀਲ ਬਣਨ ਦਾ ਸੁਪਨਾ ਸਜਾਇਆ ਹੋਇਆ ਸੀ। ਸ਼ਨੀਵਾਰ ਸਵੇਰੇ ਉਹ ਕਿਸੇ ਕੰਮ ਲਈ ਘਰੋਂ ਨਿਕਲੀ ਸੀ। ਸਵੇਰੇ ਕਰੀਬ 9:40 ਵਜੇ ਰੇਲਵੇ ਲਾਈਨ ਪਾਰ ਕਰਦੇ ਸਮੇਂ ਬਠਿੰਡਾ ਤੋਂ ਦਿੱਲੀ ਵੱਲ ਜਾ ਰਹੀ ਤੇਜ਼ ਰਫ਼ਤਾਰ ਵੰਦੇ ਭਾਰਤ ਟ?ਰੇਨ ਦੀ ਲਪੇਟ ਵਿੱਚ ਆ ਗਈ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ। ਜਿਵੇਂ ਹੀ ਪਰਿਵਾਰ ਨੂੰ ਇਸ ਦੁਖਦਾਈ ਘਟਨਾ ਦੀ ਜਾਣਕਾਰੀ ਮਿਲੀ ਤਾਂ ਘਰ ਵਿੱਚ ਮਾਤਮ ਛਾ ਗਿਆ ਅਤੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਰੇਲਵੇ ਪੁਲਸ ਨੇ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਅੰਤਿਮ ਸੰਸਕਾਰ ਲਈ ਪਰਿਵਾਰ ਦੇ ਹਵਾਲੇ ਕਰ ਦਿੱਤੀ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਨੀਲਮ ਪੜ੍ਹਾਈ ਵਿਚ ਕਾਫ਼ੀ ਹੋਣਹਾਰ ਸੀ ਅਤੇ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਐੱਲ.ਐੱਲ.ਬੀ. ਕਰਕੇ ਵਕੀਲ ਬਣਨਾ ਚਾਹੁੰਦੀ ਸੀ। ਪਰ ਇਕ ਪਲ ਦੇ ਇਸ ਦਰਦਨਾਕ ਹਾਦਸੇ ਨੇ ਪਰਿਵਾਰ ਦੀਆਂ ਖੁਸ਼ੀਆਂ ਖੋਹ ਲਈਆਂ ਅਤੇ ਇਕ ਧੀ ਦੇ ਨਾਲ ਉਸ ਦੇ ਸੁਫ਼ਨੇ ਵੀ ਹਮੇਸ਼ਾ ਲਈ ਦਫ਼ਨ ਹੋ ਗਏ।

## ਦੁਕਾਨਦਾਰ ਨੂੰ ਗੱਲਾਂ 'ਚ ਉਲਝਾ ਕੇ ਗੱਲੇ 'ਚੋਂ ਇਕ ਲੱਖ ਰੁਪਏ ਕੀਤੇ ਚੋਰੀ

ਕੌਮੀ ਪਤ੍ਰਿਕਾ

ਬਠਿੰਡਾ 24 ਜੂਨ। ਬਠਿੰਡਾ ਸ਼ਹਿਰ ਵਿੱਚ ਲਗਾਤਾਰ ਵੱਧ ਰਹੀਆਂ ਚੋਰੀ ਅਤੇ ਲੁੱਟਖੋਹ ਦੀਆਂ ਘਟਨਾਵਾਂ ਵਿਚਕਾਰ ਹੁਣ ਦੁਕਾਨਦਾਰਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਇਕ ਕਥਿਤ ਸ਼ਾਤਿਰ ਮੁੜ ਸਰਗਰਮ ਹੋ ਗਿਆ ਹੈ। ਤਾਜ਼ਾ ਮਾਮਲੇ 'ਚ ਇਕ ਵਿਅਕਤੀ ਗਾਹਕ ਬਣ ਕੇ ਦੁਕਾਨ 'ਚ ਦਾਖ਼ਲ ਹੋਇਆ, ਦੁਕਾਨਦਾਰ ਨੂੰ ਗੱਲਾਂ ਵਿੱਚ ਉਲਝਾਇਆ ਅਤੇ ਮੌਕਾ ਮਿਲਦੇ ਹੀ ਗੱਲੇ ਵਿੱਚੋਂ ਕਰੀਬ ਇਕ ਲੱਖ ਰੁਪਏ ਦੀ ਨਕਦੀ ਚੋਰੀ ਕਰਕੇ ਫਰਾਰ ਹੋ ਗਿਆ। ਇਸ ਘਟਨਾ ਤੋਂ ਬਾਅਦ ਵਪਾਰੀਆਂ 'ਚ ਡਰ ਅਤੇ ਰੋਸ ਦਾ ਮਾਹੌਲ ਹੈ। ਜਾਣਕਾਰੀ ਅਨੁਸਾਰ ਇਹ ਵਾਰਦਾਤ ਵਾਲਮੀਕਿ ਚੌਂਕ ਸਥਿਤ ਬਾਲਾ ਜੀ ਗੈਸ ਏਜੰਸੀ 'ਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਆਮ ਗਾਹਕ ਵਾਂਗ ਦੁਕਾਨ 'ਤੇ ਆਇਆ ਅਤੇ ਗੱਲਬਾਤ ਦੌਰਾਨ ਦੁਕਾਨਦਾਰ ਦਾ ਧਿਆਨ ਦੂਜੇ ਪਾਸੇ ਕਰ ਦਿੱਤਾ। ਇਸ ਦੌਰਾਨ ਉਸ ਨੇ ਗੱਲੇ 'ਚ ਪਈ ਕਰੀਬ ਇਕ ਲੱਖ ਰੁਪਏ ਦੀ ਰਕਮ ਕੱਢ ਲਈ ਅਤੇ ਚੁੱਪਚਾਪ ਉਥੋਂ ਨਿਕਲ ਗਿਆ। ਜਦੋਂ ਤੱਕ ਦੁਕਾਨਦਾਰ ਨੂੰ ਚੋਰੀ ਦਾ ਪਤਾ ਲੱਗਿਆ ਤਦ ਤੱਕ ਦੋਸ਼ੀ ਕਾਫ਼ੀ ਦੂਰ ਜਾ ਚੁੱਕਾ ਸੀ।



ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਦੋਸ਼ੀ ਦੀ ਪਛਾਣ ਕਰਕੇ ਉਸ ਨੂੰ ਜਲਦ ਕਾਬੂ ਕੀਤਾ ਜਾ ਸਕੇ। ਨੌਜਵਾਨ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸੋਨੂ ਮਹੇਸ਼ਵਰੀ ਨੇ ਦਾਅਵਾ ਕੀਤਾ ਕਿ ਧੋਬੀਆਣਾ ਬਸਤੀ ਦਾ ਇਕ ਵਿਅਕਤੀ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਕਈ ਵਾਰਦਾਤਾਂ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਉਕਤ ਵਿਅਕਤੀ ਦੁਕਾਨਦਾਰਾਂ ਨੂੰ ਗੱਲਾਂ 'ਚ ਉਲਝਾ ਕੇ ਜਾਂ ਉਨ੍ਹਾਂ ਦਾ ਧਿਆਨ ਭਟਕਾ ਕੇ ਨਕਦੀ ਚੋਰੀ ਕਰਨ ਦਾ ਆਦੀ ਹੈ। ਉਨ੍ਹਾਂ ਦੱਸਿਆ ਕਿ 25 ਫਰਵਰੀ 2026 ਨੂੰ ਰਾਮ ਜੀ ਦਾਸ ਐਂਡ ਕੰਪਨੀ ਦੀ ਦੁਕਾਨ ਤੋਂ ਕਰੀਬ 36 ਹਜ਼ਾਰ ਰੁਪਏ ਦੀ ਚੋਰੀ ਹੋਈ ਸੀ, ਜਦਕਿ 18 ਅਗਸਤ 2025 ਨੂੰ ਇੱਕ ਕਰਿਆਨਾ ਸਟੋਰ ਨੂੰ ਵੀ ਇਸੇ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਉਸ ਮਾਮਲੇ ਵਿੱਚ ਕੋਤਵਾਲੀ ਪੁਲਿਸ ਨੇ ਕੇਸ ਦਰਜ ਕੀਤਾ ਸੀ। ਹਾਲਾਂਕਿ ਮੌਜੂਦਾ ਮਾਮਲੇ 'ਚ ਪੁਲਸ ਵੱਲੋਂ ਅਜੇ ਕਿਸੇ ਵਿਅਕਤੀ ਦੇ ਨਾਮ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ ਅਤੇ ਜਾਂਚ ਜਾਰੀ ਹੈ। ਲਗਾਤਾਰ ਸਾਹਮਣੇ ਆ ਰਹੀਆਂ ਅਜਿਹੀਆਂ ਘਟਨਾਵਾਂ ਨੇ ਵਪਾਰੀਆਂ ਦੀ ਚਿੰਤਾ ਵਧਾ ਦਿੱਤੀ ਹੈ। ਨੌਜਵਾਨ ਵੈਲਫੇਅਰ ਸੋਸਾਇਟੀ ਨੇ ਪੁਲਸ ਪ੍ਰਸ਼ਾਸਨ ਤੋਂ ਅਜਿਹੇ ਸ਼ਾਤਿਰ ਤੱਤਾਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸੋਸਾਇਟੀ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਣਪਛਾਤੇ ਲੋਕਾਂ 'ਤੇ ਨਜ਼ਰ ਰੱਖਣ, ਗੱਲੇ ਵਿੱਚ ਜ਼ਿਆਦਾ ਨਕਦੀ ਨਾ ਰੱਖਣ ਅਤੇ ਸੀ. ਸੀ. ਟੀ. ਵੀ. ਸਮੇਤ ਹੋਰ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਤਾਂ ਜੋ ਅਜਿਹੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ।

## ਭਿਆਨਕ ਸੜਕ ਹਾਦਸੇ 'ਚ ਟਰੈਕਟਰ ਚਾਲਕ ਦੀ ਮੌਤ

ਅਬੋਹਰ 24 ਜੂਨ। ਅਬੋਹਰ-ਮਲੋਟ ਸੜਕ 'ਤੇ ਪਿੰਡ ਬਹਾਵਲਵਾਸੀ ਨੇੜੇ ਬੀਤੀ ਰਾਤ 11.15 ਵਜੇ ਵਾਪਰੇ ਇਕ ਭਿਆਨਕ ਸੜਕ ਹਾਦਸੇ 'ਚ ਟਰੈਕਟਰ-ਟਰਾਲੀ ਚਾਲਕ ਦੀ ਮੌਤ ਹੋ ਗਈ। ਸੂਚਨਾ ਮਿਲਣ 'ਤੇ ਸੜਕ ਸੁਰੱਖਿਆ ਬਲ (ਐੱਸ. ਐੱਸ. ਐੱਫ.) ਦੀ ਟੀਮ ਅਤੇ ਸਦਰ ਪੁਲਸ ਸਟੇਸ਼ਨ ਦੇ ਕਰਮਚਾਰੀ ਮੌਕੇ 'ਤੇ ਪਹੁੰਚੇ। ਪੁਲਸ ਨੇ ਨਰ ਸੇਵਾ ਨਾਰਾਇਣ ਸੇਵਾ ਸਮਿਤੀ ਦੇ ਮੈਂਬਰਾਂ ਅਤੇ ਐਂਬੂਲੈਂਸ ਟੀਮ ਦੀ ਮਦਦ ਨਾਲ ਲਾਸ਼ ਨੂੰ ਸਥਾਨਕ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ। ਸੜਕ ਸੁਰੱਖਿਆ ਬਲ ਦੇ ਸਹਾਇਕ ਸਬ-ਇੰਸਪੈਕਟਰ ਕ੍ਰਿਸ਼ਨ ਲਾਲ, ਮਨੀਸ਼ ਕੁਮਾਰ ਅਤੇ ਯੁਵਰਾਜ ਸਿੰਘ ਨੇ ਦੱਸਿਆ ਕਿ ਇਕ ਟਰੈਕਟਰ-ਟਰਾਲੀ ਮਲੋਟ ਤੋਂ ਅਬੋਹਰ ਵੱਲ ਆ ਰਹੀ ਸੀ। ਇਸ ਦੌਰਾਨ ਕਿਸੇ ਅਣਪਛਾਤੇ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਟਰੈਕਟਰ-ਟਰਾਲੀ ਸੜਕ ਹੇਠਾਂ ਇਕ ਖੇਤ 'ਚ ਜਾ ਡਿੱਗੀ। ਹਾਦਸੇ ਦੌਰਾਨ ਟਰੈਕਟਰ ਚਾਲਕ ਸੜਕ 'ਤੇ ਡਿੱਗ ਪਿਆ ਅਤੇ ਵਾਹਨ ਦੀ ਲਪੇਟ 'ਚ ਆਉਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਅਣਪਛਾਤਾ ਵਾਹਨ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਜਸਵਿੰਦਰ ਸਿੰਘ (ਪੁੱਤਰ ਚੰਦ ਸਿੰਘ, ਵਾਸੀ ਗਲੀ ਨੰਬਰ 2/3, ਅਗਰਵਾਲ ਕਾਲੋਨੀ, ਬਠਿੰਡਾ) ਵਜੋਂ ਹੋਈ ਹੈ। ਹਾਦਸੇ ਦੀ ਖਬਰ ਮਿਲਦਿਆਂ ਹੀ ਮ੍ਰਿਤਕ ਦਾ ਪਰਿਵਾਰ ਵੀ ਮੌਕੇ 'ਤੇ ਪਹੁੰਚ ਗਿਆ।

## ਦਿੱਲੀ ਏਅਰਪੋਰਟ 'ਤੇ 4.83 ਕਰੋੜ ਰੁਪਏ ਦਾ ਗਾਂਜਾ ਬਰਾਮਦ, ਯਾਤਰੀ ਗ੍ਰਿਫ਼ਤਾਰ

ਨਵੀਂ ਦਿੱਲੀ 24 ਜੂਨ। ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ (ਆਈਜੀਆਈ) ਏਅਰਪੋਰਟ 'ਤੇ ਕਸਟਮ ਅਧਿਕਾਰੀਆਂ ਨੇ ਬੈਂਕਾਕ ਤੋਂ ਆਏ ਇਕ ਭਾਰਤੀ ਯਾਤਰੀ ਤੋਂ ਲਗਭਗ 4.80 ਕਰੋੜ ਰੁਪਏ ਮੁੱਲ ਦਾ ਹਾਈਡ?ਰੋਪੋਨਿਕ ਗਾਂਜਾ ਬਰਾਮਦ ਕਰਨ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ ਗਈ। ਯਾਤਰਾ 21 ਜੂਨ ਨੂੰ ਏਅਰ ਇੰਡੀਆ ਦੀ ਉਡਾਣ ਏਆਈ 2335 ਰਾਹੀਂ ਬੈਂਕਾਕ ਤੋਂ ਆਇਆ ਸੀ ਅਤੇ ਪ੍ਰੋਫਾਈਲਿੰਗ ਦੇ ਆਧਾਰ 'ਤੇ ਗ੍ਰੀਨ ਚੈਨਲ ਪਾਰ ਕਰਨ ਤੋਂ ਬਾਅਦ ਉਸ ਨੂੰ ਰੋਕ ਲਿਆ ਗਿਆ। ਬਿਆਨ ਅਨੁਸਾਰ,"ਸਾਮਾਨ ਦੀ ਐਕਸ-ਰੇ ਜਾਂਚ ਦੌਰਾਨ ਕੁਝ ਸ਼ੱਕੀ ਵਸਤੂ ਨਜ਼ਰ ਆਈ।" ਇਸ ਤੋਂ ਬਾਅਦ ਵਿਸਤ੍ਰਿਤ ਜਾਂਚ 'ਚ ਲਗਭਗ 13.84 ਗ੍ਰਾਮ ਹਾਈਡ?ਰੋਪੋਨਿਕ ਗਾਂਜਾ ਪਾਇਆ ਗਿਆ। ਜ਼ਬਤ ਕੀਤੇ ਗਏ ਇਸ ਪਾਬੰਦੀਸ਼ੁਦਾ ਪਦਾਰਥ ਦਾ ਅਨੁਮਾਨਤ ਮੁੱਲ ਲਗਭਗ 4.83 ਕਰੋੜ ਰੁਪਏ ਹੈ।" ਯਾਤਰਾ ਨੂੰ 'ਐੱਨਡੀਪੀਐੱਸ ਐਕਟ 1985' ਦੇ ਪ੍ਰਬੰਧਾਂ ਦੇ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸ਼ੱਕੀ ਹਾਈਡ?ਰੋਪੋਨਿਕ ਗਾਂਜਾ ਅਤੇ ਉਸ ਦੀ ਪੈਕਿੰਗ ਸਮੱਗਰੀ ਜ਼ਬਤ ਕਰ ਲਈ ਗਈ। ਬਿਆਨ ਅਨੁਸਾਰ ਜਾਂਚ ਜਾਰੀ ਹੈ ਤਾਂ ਕਿ ਇਸ ਪਾਬੰਦੀਸ਼ੁਦਾ ਪਦਾਰਥ ਦੇ ਸਰੋਤ ਅਤੇ ਇਸ ਦੀ ਮੰਜ਼ਲ ਦਾ ਪਤਾ ਲਾਇਆ ਜਾ ਸਕੇ।

### ਐਕਟਿਵਾ ਦੀ ਡਿੱਕੀ 'ਚ ਰੱਖੀ ਹੋਈ ਸੀ 32 ਬੋਰ ਦੀ ਪਿਸਤੌਲ ਸਣੇ ਮੈਗਜ਼ੀਨ, 3 ਜ਼ਿੰਦਾ ਕਾਰਤੂਸ ਵੀ ਬਰਾਮਦ

ਜਲੰਧਰ 24 ਜੂਨ। ਸਪੈਸ਼ਲ ਸੈੱਲ ਕਮਿਸ਼ਨਰੇਟ ਪੁਲਸ ਜਲੰਧਰ ਦੇ ਇੰਚਾਰਜ ਮਨਜਿੰਦਰ ਸਿੰਘ ਬਾਸੀ ਦੀ ਟੀਮ ਨੇ ਦਿਮਾਂਸ਼ੂ ਉਰਫ਼ ਹਿਮਾਂਸ਼ੂ ਨਾਂ ਦੇ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋਕਿ ਮਕਾਨ ਨੰਬਰ-164, ਗਲੀ ਨੰਬਰ-3, ਮੁਸਲਿਮ ਕਾਲੋਨੀ, ਥਾਣਾ ਰਾਮਾ ਮੰਡੀ, ਜਲੰਧਰ ਦਾ ਰਹਿਣ ਵਾਲਾ ਹੈ। ਡਿਵੀਜ਼ਨਲ ਕਮਿਸ਼ਨਰ ਜਲੰਧਰ ਦੇ ਦਫ਼ਤਰ ਦੇ ਬਾਹਰ ਬਣੀ ਪਾਰਕਿੰਗ ਨੇੜਿਓਂ ਫੜਿਆ ਗਿਆ ਦਿਮਾਂਸ਼ੂ ਉਰਫ਼ ਹਿਮਾਂਸ਼ੂ ਆਪਣੀ ਐਕਟਿਵਾ ਨੰਬਰ ਪੀ. ਬੀ. 08 ਐੱਫ਼. ਪੀ-1595 'ਤੇ ਬੈਠਾ ਹੋਇਆ ਸੀ। ਜਿਵੇਂ ਹੀ ਉਸ ਨੇ ਪੁਲਸ ਪਾਰਟੀ ਨੂੰ ਵੇਖਿਆ ਤਾਂ ਉੱਥੋਂ




ਖਿਸਕਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਨਹੀਂ ਹੋ ਸਕਿਆ। ਸਪੈਸ਼ਲ ਸੈੱਲ ਦੀ ਟੀਮ ਵੱਲੋਂ ਜਦੋਂ ਐਕਟਿਵਾ ਦੀ ਡਿੱਕੀ ਖੋਲ੍ਹ ਕੇ ਦੇਖੀ ਗਈ ਤਾਂ ਉਸ ਵਿਚੋਂ 1 ਪਿਸਤੌਲ 32 ਬੋਰ ਸਮੇਤ ਮੈਗਜ਼ੀਨ ਅਤੇ 3 ਜ਼ਿੰਦਾ ਕਾਰਤੂਸ (ਰੌਂਦ) ਬਰਾਮਦ ਹੋਏ। ਸਪੈਸ਼ਲ ਸੈੱਲ ਇੰਚਾਰਜ ਮਨਜਿੰਦਰ ਸਿੰਘ ਬਾਸੀ ਨੇ ਦੱਸਿਆ ਕਿ ਦਿਮਾਂਸ਼ੂ ਉਰਫ਼ ਹਿਮਾਂਸ਼ੂ ਖ਼?ਲਾਫ਼ ਥਾਣਾ ਨਵੀਂ ਬਾਰਾਦਰੀ ਜਲੰਧਰ ਵਿਚ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਉਸ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਲੈ ਕੇ ਅੱਗੇ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਵਿਚ ਪਤਾ ਲੱਗਿਆ ਹੈ ਕਿ ਦਿਮਾਂਸ਼ੂ ਖ਼?ਲਾਫ਼ ਪਹਿਲਾਂ ਵੀ 2 ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਉਹ ਜੇਲ ਵੀ ਜਾ ਚੁੱਕਾ ਹੈ। ਸਪੈਸ਼ਲ ਸੈੱਲ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ ਕਿ ਦਿਮਾਂਸ਼ੂ ਨੇ ਇਹ ਨਾਜਾਇਜ਼ ਅਸਲਾ ਕਦੋਂ ਤੋਂ ਆਪਣੇ ਕੋਲ ਰੱਖਿਆ ਹੋਇਆ ਸੀ ਅਤੇ ਉਹ ਇਸ ਨੂੰ ਕਿੱਥੋਂ ਲੈ ਕੇ ਆਇਆ ਸੀ।

### ਪੁਲ 'ਤੇ ਟਰੱਕ ਹੇਠ ਆ ਕੇ ਜ਼ਖਮੀ ਹੋਇਆ ਲੜਕਾ ਜ਼ਿੰਦਗੀ ਦੀ ਜੰਗ ਹਾਰਿਆ

ਕੋਟਕਪੂਰਾ 24 ਜੂਨ। ਮੰਗਲਵਾਰ ਸ਼ਾਮ ਸਥਾਨਕ ਰੇਲਵੇ ਪੁਲ 'ਤੇ ਵਾਪਰੇ ਸੜਕ ਹਾਦਸੇ ਦੌਰਾਨ ਜ਼ਖਮੀ ਹੋਇਆ ਲੜਕਾ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਚ ਇਲਾਜ ਦੌਰਾਨ ਜ਼ਿੰਦਗੀ ਦੀ ਜੰਗ ਹਾਰ ਗਿਆ। ਜਾਣਕਾਰੀ ਅਨੁਸਾਰ ਅਜੇ ਸਿੰਘ (16) ਪੁੱਤਰ ਮਹਿੰਦਰ ਸਿੰਘ ਵਾਸੀ ਕੋਠੇ ਸੈਣੀਆਂ ਮੰਗਲਵਾਰ ਸ਼ਾਮ ਮੁਕਤਸਰ ਰੋਡ 'ਤੇ ਸਥਿਤ ਪੁਲ 'ਤੇ ਜਾ ਰਿਹਾ ਸੀ ਕਿ ਅਣਪਛਾਤੇ ਟਰੱਕ ਦੀ ਫੇਟ ਵੱਜਣ ਨਾਲ ਉਹ ਟਰੱਕ ਦੇ ਟਾਇਰਾਂ ਹੇਠ ਆ ਗਿਆ। ਹਾਦਸੇ ਵਿਚ ਉਸ ਦੀਆਂ ਲੱਤਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਈਆਂ, ਜਿਸ ਨੂੰ ਤੁਰੰਤ ਕੋਟਕਪੂਰਾ ਦੇ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ। ਇੱਥੇ ਉਸ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਡਾਕਟਰਾਂ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਰੈਫਰ ਕਰ ਦਿੱਤਾ। ਹਾਦਸੇ ਤੋਂ ਬਾਅਦ ਟਰੱਕ ਚਾਲਕ ਟਰੱਕ ਸਮੇਤ ਮੌਕੇ ਤੋਂ ਫਰਾਰ ਹੋ ਗਿਆ।

## ਜਲੰਧਰ 'ਚ ਗੋਲ?ਆਂ ਮਾਰ ਕਤਲ ਕੀਤੇ ਨੌਜਵਾਨ ਦੇ ਮਾਮਲੇ 'ਚ 2 ਮੁਲਜ਼ਮ ਗ੍ਰਿਫ਼ਤਾਰ

ਕੌਮੀ ਪਤ੍ਰਿਕਾ

ਜਲੰਧਰ 24 ਜੂਨ। ਜਲੰਧਰ ਦੇ ਨਿਊ ਦਸਮੇਸ਼ ਨਗਰ ਇਲਾਕੇ 'ਚ ਬੀਤੀ ਦੇਰ ਰਾਤ ਗੋਲ?ਆਂ ਚੱਲਣ ਦੇ ਮਾਮਲੇ ਵਿਚ ਪੁਲਸ ਨੇ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਨਿਊ ਦਸਮੇਸ਼ ਨਗਰ ਇਲਾਕੇ 'ਚ ਬੀਤੀ ਦੇਰ ਰਾਤ ਨਿੱਜੀ ਰੰਜਿਸ਼ ਕਾਰਨ ਦੋ ਧਿਰਾਂ ਵਿੱਚ ਝੜਪ ਹੋ ਗਈ, ਜੋ ਤੇਜ਼ੀ ਨਾਲ ਹਿੰਸਕ ਝੜਪ ਵਿੱਚ ਬਦਲ ਗਈ। ਗੋਲ?ਬਾਰੀ 'ਚ ਇਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਮ੍ਰਿਤਕ ਦੀ ਪਛਾਣ ਸਿਮਰਨਜੀਤ ਸਿੰਘ ਵਜੋਂ ਹੋਈ ਹੈ, ਜੋ ਅਮਨ ਨਗਰ ਦਾ ਰਹਿਣ ਵਾਲਾ ਸੀ। ਉਥੇ ਹੀ ਗੋਲ?ਲੱਗਣ ਕਾਰਨ ਸੌਰਵ ਜ਼ਖ਼ਮੀ ਹੋ ਗਿਆ ਸੀ, ਜਿਸ ਨੂੰ ਤੁਰੰਤ ਪਟੇਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਦਾ ਕਹਿਣਾ ਹੈ ਕਿ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਸ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਘਟਨਾ 'ਚ ਅੱਠ ਤੋਂ ਨੌਂ



ਨੌਜਵਾਨ ਸ਼ਾਮਲ ਸਨ, ਜੋ ਬਾਈਕ ਅਤੇ ਐਕਟਿਵਾ 'ਤੇ ਆਏ ਸਨ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦਿਨ ਸੌਰਭ ਦੀ ਕੁਝ ਨੌਜਵਾਨਾਂ ਨਾਲ ਲੜਾਈ ਹੋਈ ਸੀ, ਅਤੇ ਦੋਸ਼ੀ ਨੇ ਉਸੇ ਪੁਰਾਣੀ ਰੰਜਿਸ਼ ਦਾ ਬਦਲਾ ਲੈਣ ਦੇ ਇਰਾਦੇ ਨਾਲ ਉਸ 'ਤੇ ਦੋਬਾਰਾ ਹਮਲਾ ਕੀਤਾ। ਘਟਨਾ ਦੀ ਸੂਚਨਾ ਮਿਲਦੇ ਹੀ ਭਾਰਗੋ ਕੈਂਪ ਪੁਲਸ ਅਤੇ ਏ. ਸੀ. ਪੀ. ਆਤਿਸ਼ ਭਾਟੀਆ ਮੌਕੇ 'ਤੇ ਪਹੁੰਚੇ ਅਤੇ ਇਲਾਕੇ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਨੇ ਘਟਨਾ ਸਥਾਨ ਤੋਂ ਮਹੱਤਵਪੂਰਨ ਸੁਰਾਗ ਇਕੱਠੇ ਕੀਤੇ ਅਤੇ ਨੇੜਲੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਜ਼ਬਤ ਕਰ ਲਈ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੁਲਸ ਕਮਿਸ਼ਨਰ ਦੇ ਨਿਰਦੇਸ਼ਾਂ 'ਤੇ ਕਈ ਟੀਮਾਂ ਬਣਾਈਆਂ ਗਈਆਂ। ਪੁਲਸ ਨੇ ਐੱਫ਼. ਆਈ. ਆਰ. ਨੰਬਰ 136 ਦਰਜ ਕਰਕੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਵਾਰਦਾਤ ਵਿੱਚ ਵਰਤੇ ਗਏ ਵਾਹਨ ਜ਼ਬਤ ਕਰ ਲਏ ਗਏ ਹਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਰਾਰ ਮੁਲਜ਼ਮਾਂ ਦੀ ਭਾਲ ਜਾਰੀ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਤੇਜ਼ ਰ਼ਫਤਾਰ ਕਾਰ ਦੀ ਟੱਕਰ ਦੌਰਾਨ ਐਕਟਿਵਾ ਸਵਾਰ ਦੀ ਮੌਤ

ਮੋਗਾ 24 ਜੂਨ। ਅੱਜ ਮੋਗਾ ਦੇ ਨਿਗਾਹਾ ਰੋਡ 'ਤੇ ਇੱਕ ਹਾਦਸਾ ਵਾਪਰਿਆ ਜਦੋਂ ਇੱਕ ਤੇਜ਼ ਰਫ਼ਤਾਰ ਹੌਂਡਾ ਸਿਟੀ ਕਾਰ ਇੱਕ ਐਕਟਿਵਾ ਨਾਲ ਟਕਰਾ ਗਈ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਆਪਣਾ ਸੰਤੁਲਨ ਗੁਆ ??ਬੈਠੀ ਅਤੇ ਪਲਟ ਗਈ। ਗਾਂਧੀ ਨਗਰ, ਮੋਗਾ ਦੇ ਰਹਿਣ ਵਾਲੇ ਅਸ਼ੋਕ ਕੁਮਾਰ (55-60 ਸਾਲ), ਜੋ ਐਕਟਿਵਾ ਚਲਾ ਰਹੇ ਸਨ, ਨੂੰ ਗੰਭੀਰ ਸੱਟਾਂ ਲੱਗੀਆਂ। ਉਸਨੂੰ ਮੋਗਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਰਾਹਗੀਰਾਂ ਨੇ ਕਾਰ ਚਾਲਕ ਨੂੰ ਕਾਬੂ 'ਚ ਲੈ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਮ੍ਰਿਤਕ ਦੇ ਰਿਸ਼ਤੇਦਾਰ ਡੇਵਿਡ ਨੇ ਦੱਸਿਆ ਕਿ ਅਸ਼ੋਕ ਕੁਮਾਰ ਇੱਕ ਫੈਕਟਰੀ ਤੋਂ ਕੰਮ ਤੋਂ ਵਾਪਸ ਆ ਰਿਹਾ ਸੀ ਜਦੋਂ ਤੇਜ਼ ਰਫ਼ਤਾਰ ਹੌਂਡਾ ਸਿਟੀ ਉਸਦੀ ਐਕਟਿਵਾ ਨਾਲ ਟਕਰਾ ਗਈ। ਉਸਨੇ ਅੱਗੇ ਕਿਹਾ ਕਿ ਰਾਹਗੀਰਾਂ ਨੇ ਡਰਾਈਵਰ ਨੂੰ ਫੜ ਲਿਆ ਅਤੇ ਇਨਸਾਫ਼ ਦੀ ਮੰਗ ਕੀਤੀ। ਮੌਕੇ 'ਤੇ ਮੌਜੂਦ ਇੱਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਐਕਟਿਵਾ ਸਵਾਰ ਵਿਅਕਤੀ ਇੱਕ ਪਾਸੇ ਤੋਂ ਆ ਰਿਹਾ ਸੀ ਜਦੋਂ ਕਿ ਕਾਰ ਪਿੱਛੇ ਤੋਂ ਤੇਜ਼ੀ ਨਾਲ ਆ ਰਹੀ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿਚ ਐਕਟਿਵਾ ਸਵਾਰ ਨੂੰ ਹਸਪਤਾਲ ਲਿਜਾਇਆ ਗਿਆ, ਪਰ ਹੁਣ ਇਹ ਪੁਸ਼ਟੀ ਹੋ ??ਗਈ ਹੈ ਕਿ ਉਸਦੀ ਮੌਤ ਹੋ ਗਈ ਹੈ। ਸਟੇਸ਼ਨ ਹਾਊਸ ਅਫਸਰ (ਐੱਸਐੱਚਓ) ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਨਿਗਾਹਾ ਰੋਡ 'ਤੇ ਹੌਂਡਾ ਸਿਟੀ ਅਤੇ ਐਕਟਿਵਾ ਵਿਚਕਾਰ ਟੱਕਰ ਬਾਰੇ ਜਾਣਕਾਰੀ ਮਿਲੀ ਸੀ ਤੇ ਜਾਂਚ ਅਧਿਕਾਰੀ (ਆਈਓ) ਮੌਕੇ 'ਤੇ ਪਹੁੰਚੇ।

## ਬਚਪਨ ਤੋਂ ਰੱਖੀ ਰੰਜਿਸ਼ ਦਾ ਲਿਆ ਬਦਲਾ, ਦੋਹਰੇ ਕਤਲ ਕਾਂਡ ਨੇ ਹਿਲਾਇਆ ਪੰਜਾਬ-ਹਰਿਆਣਾ

ਕੌਮੀ ਪਤ੍ਰਿਕਾ

ਡੇਰਾਬੱਸੀ 24 ਜੂਨ। ਲਾਲੜੂ ਨੇੜਲੇ ਪਿੰਡ ਘੋਲੂਮਾਜਰਾ ਵਿਚ ਆਪਣੇ ਚਾਚੇ ਦਾ ਗੋਲੀਆਂ ਮਾਰ ਕੇ ਕਤਲ ਕਰਨ ਅਤੇ ਉਸ ਦੀ ਲਾਸ਼ ਟਾਟਾ ਸਫਾਰੀ ਵਿਚ ਪਾ ਕੇ ਫਰਾਰ ਹੋਏ ਮੁਲਜ਼ਮ ਸਾਹਿਲ ਨੂੰ ਹਰਿਆਣਾ ਦੀ ਸੋਨੀਪਤ ਐੱਸ.ਟੀ.ਐੱਫ. ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਆਪਣੇ ਇਕ ਦੋਸਤ ਦੀ ਵੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਦੋਵਾਂ ਦੀਆਂ ਲਾਸ਼ਾਂ ਪਾਣੀਪਤ ਦੀ ਸਿਵਾਰ ਨਹਿਰ ਕੰਢੇ ਸੁੱਟ ਕੇ ਫਰਾਰ ਹੋ ਗਿਆ ਸੀ। ਹਰਿਆਣਾ ਪੁਲਸ ਨੇ ਵੀਰਵਾਰ ਦੁਪਹਿਰ ਮੁਲਜ਼ਮ ਨੂੰ ਕਾਬੂ ਕਰਕੇ ਦੋਵਾਂ ਲਾਸ਼ਾਂ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰਖਵਾਇਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਸਾਹਮਣੇ ਆਇਆ ਹੈ ਕਿ ਮੁਲਜ਼ਮ ਸਾਹਿਲ ਦਾ ਆਪਣੇ ਚਾਚੇ ਰਾਹੁਲ (45) ਨਾਲ ਲੰਬੇ ਸਮੇਂ ਤੋਂ ਜਾਇਦਾਦੀ ਵਿਵਾਦ ਚੱਲ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਸਾਹਿਲ ਦੇ ਪਿਤਾ ਨੇ ਕਰੀਬ 20 ਸਾਲ ਪਹਿਲਾਂ ਹੋਮ ਲੋਨ ਲਿਆ ਸੀ, ਜਿਸ ਦੀ ਅਦਾਇਗੀ ਨਾ ਹੋਣ 'ਤੇ ਰਾਹੁਲ ਨੇ ਲੋਨ ਚੁਕਾ ਕੇ ਉਨ੍ਹਾਂ ਨੂੰ ਘਰ ਤੋਂ ਬੇਦਖ਼ਲ ਕਰ ਦਿੱਤਾ ਸੀ। ਇਸ ਗੱਲ ਦੀ ਰੰਜਿਸ਼ ਸਾਹਿਲ ਦੇ ਮਨ ਵਿਚ ਬਚਪਨ ਤੋਂ ਹੀ ਸੀ। ਬੁੱਧਵਾਰ ਨੂੰ ਸਾਹਿਲ ਡੇਰਾਬੱਸੀ ਦੇ ਘੋਲੂਮਾਜਰਾ ਸਥਿਤ ਰਾਹੁਲ ਦੇ ਦਫ਼ਤਰ ਪਹੁੰਚਿਆ, ਜਿੱਥੇ ਦੋਵਾਂ ਵਿਚਾਲੇ ਤਕਰਾਰ ਹੋ ਗਈ। ਗੁੱਸੇ ਵਿਚ ਆਏ ਸਾਹਿਲ ਨੇ ਪਿਸਤੌਲ ਨਾਲ ਫਾਇਰਿੰਗ ਕਰ ਦਿੱਤੀ। ਦੋ ਗੋਲੀਆਂ ਰਾਹੁਲ ਨੂੰ ਲੱਗੀਆਂ ਜਦਕਿ ਇਕ ਛਰਰਾ ਦਫ਼ਤਰ ਵਿਚ ਮੌਜੂਦ ਸੀਤਾਰਾਮ ਨਾਮਕ ਵਿਅਕਤੀ ਨੂੰ ਵੀ ਲੱਗਿਆ, ਜਿਸ ਦਾ ਇਲਾਜ ਚੱਲ ਰਿਹਾ ਹੈ। ਵਾਰਦਾਤ ਤੋਂ ਬਾਅਦ ਮੁਲਜ਼ਮ ਰਾਹੁਲ ਦੀ ਲਾਸ਼ ਨੂੰ ਘੜੀਸ ਕੇ ਉਸ ਦੀ ਟਾਟਾ ਸਫਾਰੀ ਵਿਚ ਪਾ ਕੇ ਪਾਣੀਪਤ ਲੈ ਗਿਆ। ਪੁਲਸ ਮੁਤਾਬਕ ਜਾਂਦੇ ਸਮੇਂ ਉਹ ਦਫ਼ਤਰ ਵਿਚ ਲੱਗੇ ਸੀਸੀਟੀਵੀ ਕੈਮਰੇ ਅਤੇ ਡੀਵੀਆਰ ਵੀ ਆਪਣੇ ਨਾਲ ਲੈ ਗਿਆ। ਪਾਣੀਪਤ ਪਹੁੰਚਣ ਮਗਰੋਂ ਸਾਹਿਲ ਨੇ ਆਪਣੇ ਦੋਸਤ ਅੰਕੁਸ਼ (25) ਨੂੰ ਫੋਨ ਕਰਕੇ ਬੁਲਾ ਲਿਆ। ਇਸ ਤੋਂ ਬਾਅਦ ਸਾਹਿਲ ਨੇ ਉਸ ਨੂੰ ਵੀ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਅੰਕੁਸ਼ ਦੇ ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਸਾਹਿਲ ਨੇ ਉਸ ਦੇ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਲੋਨ ਲਿਆ। ਅੰਕੁਸ਼ ਇਸ ਗੱਲ ਦਾ ਵਿਰੋਧ ਕਰਦਾ ਸੀ, ਜਿਸ ਕਾਰਨ ਉਸ ਦੀ ਹੱਤਿਆ ਕੀਤੀ ਗਈ। ਮ੍ਰਿਤਕ ਰਾਹੁਲ ਡੇਰਾਬੱਸੀ ਵਿਚ ਕਾਰੋਬਾਰ ਕਰਦਾ ਸੀ, ਜਦਕਿ ਅੰਕੁਸ਼ ਇਕ ਸੀਮੈਂਟ ਏਜੰਸੀ ਵਿਚ ਅਕਾਊਂਟੈਂਟ ਵਜੋਂ ਕੰਮ ਕਰਦਾ ਸੀ। ਅੰਕੁਸ਼ ਦਾ ਵਿਆਹ ਤਿੰਨ ਮਹੀਨੇ ਪਹਿਲਾਂ ਹੀ ਹੋਇਆ ਸੀ। ਦੋਹਰੇ ਕਤਲ ਦੀ ਇਸ ਸਨਸਨੀਖੇਜ਼ ਵਾਰਦਾਤ ਨੇ ਪੰਜਾਬ ਅਤੇ ਹਰਿਆਣਾ ਦੋਵਾਂ ਸੂਬਿਆਂ ਵਿਚ ਹਲਚਲ ਮਚਾ ਦਿੱਤੀ ਹੈ। ਪੁਲਸ ਮੁਲਜ਼ਮ ਤੋਂ ਪੁੱਛਗਿੱਛ ਕਰ ਰਹੀ ਹੈ ਅਤੇ ਮਾਮਲੇ ਦੇ ਹੋਰ ਪਹਿਲੂਆਂ ਦੀ ਜਾਂਚ ਜਾਰੀ ਹੈ।



ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹੋ ਗਿਆ ਸਟਿੰਗ ਆਪ੍ਰੇਸ਼ਨ ! ਕੈਮਰੇ 'ਚ ਕੈਦ ਹੋਈ ਸਰਕਾਰੀ ਮੁਲਾਜ਼ਮ ਦੀ ਕਰਤੂਤ

**ਕੌਮੀ ਪਤ੍ਰਿਕਾ**

ਲੁਧਿਆਣਾ 24 ਜੂਨ। ਭ੍ਰਿਸ਼ਟਾਚਾਰ ਖ਼?ਲਾਫ਼ 'ਜ਼ੀਰੋ ਟਾਲਰੈਂਸ' ਦੀਆਂ ਗੱਲਾਂ ਕਰਨ ਵਾਲੇ ਨਗਰ ਨਿਗਮ ਲੁਧਿਆਣਾ ਦੀ ਨੱਕ ਹੇਠਾਂ ਹੀ ਰਿਸ਼ਵਤਖੋਰੀ ਦਾ ਇਕ ਵੱਡਾ ਖੇਡ ਚੱਲ ਰਿਹਾ ਸੀ, ਜਿਸ ਦਾ ਹੁਣ ਸ਼ਰੇਆਮ ਭਾਂਡਾ ਭੱਜ ਗਿਆ ਹੈ। ਨਗਰ ਨਿਗਮ ਦੇ ਡੀ.ਸੀ.ਐਫ.ਏ. (4361) ਦਫ਼ਤਰ ਵਿਚ ਤਾਇਨਾਤ ਇਕ ਸਫਾਈ ਸੇਵਕ ਦਾ ਰਿਸ਼ਵਤ ਲੈਂਦੇ ਹੋਏ ਲਾਈਵ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੂਰੇ ਵਿਭਾਗ ਵਿਚ ਤਰਥੱਲੀ ਮੱਚ ਗਈ ਹੈ। ਦੋਸ਼ ਹੈ ਕਿ ਇਸ ਸ਼ਾਤਰ ਸਫਾਈ ਕਰਮੀ ਨੇ ਡੀ.ਸੀ. ਰੇਟ ਤੋਂ ਪੱਕੇ ਹੋਏ ਇਕ ਮੁਲਾਜ਼ਮ ਦਾ ਪੁਰਾਣਾ ਫੰਡ ਰਿਲੀਜ਼ ਕਰਵਾਉਣ ਦੇ ਨਾਮ 'ਤੇ ਮੋਟੀ ਰਕਮ ਦੀ ਮੰਗ ਕੀਤੀ ਅਤੇ 10 ਹਜ਼ਾਰ ਰੁਪਏ ਰਿਸ਼ਵਤ ਡਕਾਰ ਲਈ। ਇਸ ਸਟਿੰਗ ਆਪ੍ਰੇਸ਼ਨ ਦਾ ਵੀਡੀਓ ਸੋਸ਼ਲ ਮੀਡੀਆ ਅਤੇ ਉੱਚ ਅਧਿਕਾਰੀਆਂ ਤੱਕ ਪਹੁੰਚਦੇ ਹੀ ਨਗਰ ਨਿਗਮ ਕਮਿਸ਼ਨਰ ਡਾ. ਨੀਰੂ ਕਤਿਆਲ ਗੁਪਤਾ ਨੇ ਤੁਰੰਤ ਐਕਸ਼ਨ ਲੈਂਦੇ ਹੋਏ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਕਮਿਸ਼ਨਰ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਵੀਡੀਓ ਦੀ ਸੱਚਾਈ ਸਾਬਤ ਹੋਈ, ਤਾਂ ਦੋਸ਼ੀ ਮੁਲਾਜ਼ਮ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਵਾਲੇ ਨਗਰ ਨਿਗਮ ਸੰਘਰਸ਼ ਕਮੇਟੀ ਦੇ ਆਗੂ ਵਿੱਕੀ ਸਹੋਤਾ ਨੇ ਮਾਮਲੇ ਦੀ ਸ਼ਿਕਾਇਤ ਨਿਗਮ ਕਮਿਸ਼ਨਰ ਅਤੇ ਵਿਜੀਲੈਂਸ ਬਿਊਰੋ ਨੂੰ ਸਬੂਤਾਂ ਸਮੇਤ ਦਿੱਤੀ ਹੈ। ਇਹ ਮਾਮਲਾ ਉਨ੍ਹਾਂ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੇ ਫੰਡਾਂ ਨਾਲ ਜੁੜਿਆ ਹੈ ਜਿਨ੍ਹਾਂ ਨੂੰ ਹਾਲ ਹੀ ਵਿਚ ਪੱਕਾ ਕੀਤਾ ਗਿਆ ਸੀ। ਨਿਯਮਾਂ ਅਨੁਸਾਰ, ਡੀ.ਸੀ. ਰੇਟ 'ਤੇ ਕੰਮ ਕਰਨ ਦੌਰਾਨ ਜਮ?ਹਾ ਹੋਇਆ ਉਨ੍ਹਾਂ ਦਾ ਫੰਡ ਹੁਣ ਰਿਲੀਜ਼ ਕੀਤਾ ਜਾ ਰਿਹਾ ਹੈ, ਜਿਸ ਦਾ ਫਾਇਦਾ ਉਠਾ ਕੇ ਡੀ.ਸੀ.ਐਫ.ਏ. ਦਫ਼ਤਰ ਦਾ ਇਹ ਮੁਲਾਜ਼ਮ ਫੰਡ ਕਲੀਅਰ ਕਰਨ ਬਦਲੇ ਪੈਸਿਆਂ ਦੀ ਉਗਰਾਹੀ ਕਰ ਰਿਹਾ ਸੀ। ਜਦੋਂ ਇਕ ਪੀੜਤ ਮੁਲਾਜ਼ਮ ਨੇ ਵਿੱਕੀ ਸਹੋਤਾ ਨੂੰ ਦੱਸਿਆ ਕਿ ਬਾਬੂ 10 ਹਜ਼ਾਰ ਰੁਪਏ ਤੋਂ ਬਿਨਾਂ ਫਾਈਲ ਅੱਗੇ ਨਹੀਂ ਵਧਾ ਰਿਹਾ, ਤਾਂ ਸੰਘਰਸ਼ ਕਮੇਟੀ ਨੇ ਇਕ ਜਾਲ ਵਿਛਾਇਆ। ਰਣਨੀਤੀ ਤਹਿਤ ਪੀੜਤ ਨੂੰ ਪੈਸੇ ਦੇਣ ਭੇਜਿਆ ਗਿਆ ਅਤੇ ਇਕ ਸਾਥੀ ਨੇ ਖੁਫੀਆ ਕੈਮਰੇ ਨਾਲ ਰਿਸ਼ਵਤ ਲੈਂਦੇ ਹੋਏ ਦੀ ਵੀਡੀਓ ਬਣਾ ਲਈ। ਸਟਿੰਗ ਕਾਮਯਾਬ ਹੋਣ ਤੋਂ ਬਾਅਦ ਸਹੋਤਾ ਨੇ ਇਹ ਸਬੂਤ ਸਿੱਧਾ ਕਮਿਸ਼ਨਰ ਦੇ ਨਿੱਜੀ ਵਟਸਐਪ 'ਤੇ ਭੇਜ ਦਿੱਤਾ ਅਤੇ ਦੋਸ਼ੀ ਨੂੰ ਤੁਰੰਤ ਨੌਕਰੀ ਤੋਂ ਕੱਢਣ ਦੀ ਮੰਗ ਕੀਤੀ। ਇਸ ਖ਼ੁਲਾਸੇ ਤੋਂ ਬਾਅਦ ਜ਼ੋਨ-ਏ ਮਾਤਾ ਰਾਣੀ ਚੌਕ ਸਥਿਤ ਮੀਟਿੰਗ ਹਾਲ ਵਿਚ ਇਕ ਉੱਚ-ਪੱਧਰੀ ਬੈਠਕ ਹੋਈ, ਜਿਸ ਵਿਚ ਨਿਗਮ ਕਮਿਸ਼ਨਰ ਨੀਰੂ ਕਤਿਆਲ ਗੁਪਤਾ, ਜੁਆਇੰਟ ਕਮਿਸ਼ਨਰ ਵਿਨੀਤ ਅਤੇ ਜੋਨਲ ਕਮਿਸ਼ਨਰ ਮਨਪ੍ਰੀਤ ਸਿੰਘ ਮੌਜੂਦ ਸਨ। ਬੈਠਕ ਵਿਚ ਮਾਹੌਲ ਕਾਫੀ ਭੱਖ ਗਿਆ ਅਤੇ ਸੰਘਰਸ਼ ਕਮੇਟੀ ਨੇ ਦੋਸ਼ੀ ਖਿਲਾਫ ਅਪਰਾਧਿਕ ਕੇਸ ਦਰਜ ਕਰਨ ਦੀ ਮੰਗ ਕੀਤੀ। ਕਮਿਸ਼ਨਰ ਨੇ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਅਤੇ ਮੁਲਾਜ਼ਮਾਂ ਦੀਆਂ ਹੋਰ ਸਥਾਨਕ ਮੰਗਾਂ ਸਬੰਧੀ ਕਾਰਵਾਈ ਜਲਦੀ ਜਾਰੀ ਕਰਨ ਦਾ ਵਾਅਦਾ ਵੀ ਕੀਤਾ।

## ਪੈਨਸ਼ਨ ਨੂੰ ਲੈ ਕੇ ਹਾਈਕੋਰਟ ਨੇ ਸੁਣਾਇਆ ਵੱਡਾ ਫ਼ੈਸਲਾ

ਚੰਡੀਗੜ੍ਹ 24 ਜੂਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਫੈਸਲੇ ਵਿਚ ਸਪੱਸ਼ਟ ਕੀਤਾ ਕਿ ਜੇਕਰ ਦੂਜਾ ਵਿਆਹ ਨਿਯਮਾਂ ਅਤੇ ਕਾਨੂੰਨਾਂ ਦੇ ਉਲਟ ਕੀਤਾ ਗਿਆ ਹੈ ਤਾਂ ਅਜਿਹੀ ਔਰਤ ਨੂੰ ਮ੍ਰਿਤਕ ਕਰਮਚਾਰੀ ਦੀ "ਵਿਧਵਾ"ਨਹੀਂ ਮੰਨਿਆ ਜਾ ਸਕਦਾ। ਇਸ ਤੋਂ ਇਲਾਵਾ ਉਹ ਪਰਿਵਾਰਕ ਪੈਨਸ਼ਨ ਦਾ ਦਾਅਵਾ ਨਹੀਂ ਕਰ ਸਕਦੀ। ਹਾਈਕੋਰਟ ਨੇ ਕਿਹਾ ਕਿ ਪਹਿਲੀ ਪਤਨੀ ਦੇ ਜ਼ਿੰਦਾ ਹੋਣ 'ਤੇ ਦੂਜੀ ਪਤਨੀ ਮ੍ਰਿਤਕ ਸਰਕਾਰੀ ਕਰਮਚਾਰੀ ਦੀ ਪਰਿਵਾਰਕ ਪੈਨਸ਼ਨ ਦੀ ਹੱਕਦਾਰ ਨਹੀਂ ਹੋ ਸਕਦੀ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਮੋਹਾਲੀ ਦੀ ਇਕ ਔਰਤ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਇਹ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਨਿਯਮ, 1972 ਦੇ ਤਹਿਤ, ਦੂਜਾ ਵਿਆਹ ਤਾਂ ਹੀ ਜਾਇਜ਼ ਹੈ ਜੇਕਰ ਇਹ ਕਾਨੂੰਨੀ ਤੌਰ 'ਤੇ ਜਾਇਜ਼ ਹੋਵੇ। ਪਹਿਲੀ ਪਤਨੀ ਦੇ ਜ਼ਿੰਦਾ ਹੋਣ 'ਤੇ ਕੀਤਾ ਗਿਆ ਦੂਜਾ ਵਿਆਹ ਰੱਦ ਹੈ ਅਤੇ ਕਿਸੇ ਵੀ ਪੈਨਸ਼ਨਰੀ ਅਧਿਕਾਰ ਨੂੰ ਜਨਮ ਨਹੀਂ ਦਿੰਦਾ ਹੈ। ਦੱਸਣਯੋਗ ਹੈ ਕਿ ਇਕ ਫੌਜੀ ਅਧਿਕਾਰੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਪਤਨੀ ਅਤੇ ਦੂਜੇ ਪਤਨੀ ਵਿਚਕਾਰ ਰਿਟਾਇਰਮੈਂਟ ਲਾਭਾਂ ਅਤੇ ਹੋਰ ਅਧਿਕਾਰਾਂ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਦੂਜੀ ਪਤਨੀ ਨੇ ਸਿਵਲ ਕੋਰਟ ਵਿਚ ਮੁਕੱਦਮਾ ਦਾਇਰ ਕੀਤਾ, ਆਪਣੇ ਆਪ ਨੂੰ ਫੌਜੀ ਦੀ ਕਾਨੂੰਨੀ ਤੌਰ 'ਤੇ ਪਤਨੀ ਹੋਣ ਦਾ ਦਾਅਵਾ ਕੀਤਾ ਅਤੇ ਰਿਟਾਇਰਮੈਂਟ ਲਾਭਾਂ 'ਤੇ ਆਪਣਾ ਹੱਕ ਜਤਾਇਆ। ਹੇਠਲੀ ਅਦਾਲਤ ਨੇ ਉਸਦੇ ਹੱਕ ਵਿਚ ਫੈਸਲਾ ਸੁਣਾਇਆ ਅਤੇ ਉਸਨੂੰ ਕਾਨੂੰਨੀ ਪਤਨੀ ਵਜੋਂ ਮਾਨਤਾ ਦਿੱਤੀ।

## ਪੰਜਾਬ ਫਿਰ ਵੱਡੀ ਵਾਰਦਾਤ ਨਾਲ ਕੰਬਿਆ, ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

ਅਜਨਾਲਾ 24 ਜੂਨ। ਅਜਨਾਲਾ ਦੇ ਪਿੰਡ ਲੱਖੂਵਾਲ ਰੋਡ 'ਤੇ ਇੱਕ ਨੌਜਵਾਨ ਦਾ ਭੇਤਭਰੇ ਹਾਲਾਤ 'ਚ ਕਤਲ ਹੋਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸੜਕ ਕਿਨਾਰੇ ਮਿਲੀ ਅਣਪਛਾਤੇ ਨੌਜਵਾਨ ਦੀ ਲਾਸ਼ 'ਤੇ ਤੇਜ਼ਧਾਰ ਹਥਿਆਰ ਨਾਲ ਕੀਤੇ ਗਏ ਹਮਲੇ ਦੇ ਸਪੱਸ਼ਟ ਨਿਸ਼ਾਨ ਮਿਲੇ ਹਨ, ਜਿਸ ਕਾਰਨ ਇਲਾਕੇ 'ਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਗਲੇ ਅਤੇ ਮੂੰਹ 'ਤੇ ਡੂੰਘੇ ਕੱਟ ਦੇ ਨਿਸ਼ਾਨ ਸਨ, ਜਿਸ ਤੋਂ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ. ਐਚ. ਓ. ਅਜਨਾਲਾ ਕੁਲਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਐਸ. ਐਚ. ਓ. ਕੁਲਵਿੰਦਰ ਸਿੰਘ ਨੇ ਦੱਸਿਆ ਕਿ ਲੱਖੂਵਾਲ ਰੋਡ ਤੋਂ ਇੱਕ ਨੌਜਵਾਨ ਦੀ ਲਾਸ਼ ਬਰਾਮਦ ਹੋਈ ਹੈ

## ਲੱਖਾਂ ਦੀ ਹੈਰੋਇਨ ਸਮੇਤ 2 ਸਮੱਗਲਰ ਕਾਬੂ, 2 ਦਿਨ ਦਾ ਪੁਲਸ ਰਿਮਾਂਡ ਮਿਲਿਆ

ਮੋਗਾ 24 ਜੂਨ। ਜ਼ਿਲਾ ਪੁਲਸ ਅਧਿਕਾਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਨੂੰ ਕਾਬੂ ਕਰਨ ਲਈ ਮੋਗਾ ਪੁਲਸ ਵੱਲੋਂ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਕੋਟ ਈਸੇ ਖਾਂ ਪੁਲਸ ਨੇ ਲੱਖਾਂ ਰੁਪਏ ਮੁੱਲ ਦੀ ਹੈਰੋਇਨ ਸਮੇਤ 2 ਸਮੱਗਲਰਾਂ ਨੂੰ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਥਾਣਾ ਕੋਟ ਈਸੇ ਖਾਂ ਦੀ ਮੁਖੀ ਇੰਸਪੈਕਟਰ ਸੁਨੀਤਾ ਰਾਣੀ ਜਦੋਂ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਸੋਨੂੰ ਨਿਵਾਸੀ ਪਿੰਡ ਪੀਰ ਮੁਹੰਮਦ ਅਤੇ ਕਰਨ ਨਿਵਾਸੀ ਵਾਰਿਸ ਵਾਲਾ ਜੱਟਾਂ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਅਤੇ ਅੱਜ ਵੀ ਉਹ ਭਾਰੀ ਮਾਤਰਾ ਵਿਚ ਹੈਰੋਇਨ ਲੈ ਕੇ ਦਾਣਾ ਮੰਡੀ ਮੋਗਾ ਰੋਡ ਕੋਟ ਈਸੇ ਖਾਂ ਵਿਖੇ ਗਾਹਕਾਂ ਦੀ ਉਡੀਕ ਕਰ ਰਹੇ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਦੱਸੇ ਗਏ ਸਥਾਨ 'ਤੇ ਛਾਪੇਮਾਰੀ ਕਰ ਕੇ ਦੋਵਾਂ ਨੂੰ ਕਾਬੂ ਕਰ ਲਿਆ ਅਤੇ ਉਨ੍ਹਾਂ ਕੋਲੋਂ ਇਕ ਬਿਨਾਂ ਨੰਬਰੀ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ। ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ ਵਿਚੋਂ ਲੱਖਾਂ ਰੁਪਏ ਮੁੱਲ ਦੀ ਲਗਭਗ 1 ਕਿਲੋ ਹੈਰੋਇਨ ਬਰਾਮਦ ਹੋਈ। ਡੀ. ਐਸ. ਪੀ. (ਇੰਵੈਸਟੀਗੇਸ਼ਨ) ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਗਏ ਦੋਵਾਂ ਸਮੱਗਲਰਾਂ ਖ਼ਿਲਾਫ਼ ਥਾਣਾ ਕੋਟ ਈਸੇ ਖਾਂ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਪਹਿਲਾਂ ਵੀ ਉਨ੍ਹਾਂ ਖਿਲਾਫ਼ ਥਾਣਾ ਮੱਖੂ ਵਿਚ 2 ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਦੋਵਾਂ ਕਥਿਤ ਸਮੱਗਲਰਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਸ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਵੱਡੀ ਹੈਰੋਇਨ ਦੀ ਖੇਪ ਉਹ ਕਿੱਥੋਂ ਲੈ ਕੇ ਆਏ ਸਨ ਅਤੇ ਕਿੱਥੇ-ਕਿੱਥੇ ਇਸ ਦੀ ਸਪਲਾਈ ਕੀਤੀ ਜਾਣੀ ਸੀ? ਮਾਮਲੇ ਦੀ ਜਾਂਚ ਜਾਰੀ ਹੈ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.


## (ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ)
## ਮਹਿਲਾ ਅਤੇ ਬਾਲ ਵਿਕਾਸ ਵਿਭਾਗ
## ਆਈ.ਐੱਸ.ਬੀ.ਟੀ. ਭਵਨ, ਕਸ਼ਮੀਰੀ ਗੇਟ, ਦਿੱਲੀ - 110006

### ਜਨਤਕ ਸੂਚਨਾ

**ਦਿੱਲੀ ਲੱਖਪਤੀ ਬਿਟੀਆ ਯੋਜਨਾ:**

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਵੱਲੋਂ **ਦਿੱਲੀ ਲੱਖਪਤੀ ਬਿਟੀਆ ਯੋਜਨਾ** ਨੂੰ ਮਿਤੀ 31.03.2026 ਨੂੰ **ਦਿੱਲੀ ਗਜ਼ਟ** ਵਿੱਚ ਅਧਿਸੂਚਿਤ ਕੀਤਾ ਗਿਆ ਹੈ। ਇਹ ਯੋਜਨਾ 01.04.2026 ਤੋਂ ਲਾਗੂ ਕੀਤੀ ਗਈ ਹੈ ਅਤੇ ਇਸਦਾ ਉਦੇਸ਼ ਦਿੱਲੀ ਦੀਆਂ ਬਾਲਿਕਾਵਾਂ ਦੀ ਸਿੱਖਿਆ, ਸਸ਼ਕਤੀਕਰਨ ਅਤੇ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।

ਇਹ ਯੋਜਨਾ ਜਨਮ ਤੋਂ ਲੈ ਕੇ ਉੱਚ ਸਿੱਖਿਆ ਪੂਰੀ ਕਰਨ ਤੱਕ ਵੱਖ-ਵੱਖ ਪੜਾਵਾਂ 'ਤੇ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਜਿਸ ਨਾਲ ਲਗਾਤਾਰ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਸਮਾਜ ਵਿੱਚ ਬਾਲਿਕਾ ਦੀ ਸਮੁੱਚੀ ਸਥਿਤੀ ਵਿੱਚ ਸੁਧਾਰ ਲਿਆਂਦਾ ਜਾਂਦਾ ਹੈ।

**ਯੋਗਤਾ:**

- ਬਾਲਿਕਾ ਦਾ ਜਨਮ ਦਿੱਲੀ ਵਿੱਚ ਹੋਇਆ ਹੋਵੇ।
- ਅਰਜ਼ੀਕਾਰ ਘੱਟੋ-ਘੱਟ ਤਿੰਨ ਸਾਲਾਂ ਤੋਂ ਦਿੱਲੀ ਦਾ ਨਿਵਾਸੀ ਹੋਵੇ।
- ਪਰਿਵਾਰ ਦੀ ਸਾਲਾਨਾ ਆਮਦਨ ਰੁ.1,20,000 ਤੋਂ ਵੱਧ ਨਾ ਹੋਵੇ।
- ਬਾਲਿਕਾ ਦਿੱਲੀ ਦੇ ਕਿਸੇ ਸਰਕਾਰੀ/ਮਾਨਤਾ ਪ੍ਰਾਪਤ ਸਕੂਲ ਵਿੱਚ ਪੜ੍ਹ ਰਹੀ ਹੋਵੇ।
- ਇੱਕ ਪਰਿਵਾਰ ਦੀ ਵੱਧ ਤੋਂ ਵੱਧ ਦੋ ਬਾਲਿਕਾਵਾਂ ਹੀ ਇਸ ਯੋਜਨਾ ਅਧੀਨ ਯੋਗ ਹੋਣਗੀਆਂ।
- ਬਾਲਿਕਾ ਦਾ ਰਜਿਸਟਰੇਸ਼ਨ ਜਨਮ ਤੋਂ ਇੱਕ ਸਾਲ ਦੇ ਅੰਦਰ ਜਾਂ ਕਲਾਸ **I, VI, IX, XI, XII** ਵਿੱਚ ਦਾਖਲੇ ਸਮੇਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਕਲਾਸ **X** ਪਾਸ ਕਰਨ ਤੋਂ ਬਾਅਦ ਭਾਰਤ ਵਿੱਚ ਕਿਤੇ ਵੀ ਪਾਲੀਟੈਕਨਿਕ/ਆਈ.ਟੀ.ਆਈ. ਕੋਰਸ ਵਿੱਚ ਦਾਖਲਾ, ਕਲਾਸ **XII** ਵਿੱਚ ਦਾਖਲਾ ਜਾਂ ਗ੍ਰੈਜੂਏਸ਼ਨ/ਡਿਪਲੋਮਾ ਕੋਰਸ ਵਿੱਚ ਦਾਖਲੇ ਸਮੇਂ ਵੀ ਰਜਿਸਟਰੇਸ਼ਨ ਕਰਵਾਇਆ ਜਾ ਸਕਦਾ ਹੈ।
- ਜੋ ਬਾਲਿਕਾ ਭਾਰਤ ਵਿੱਚ ਕਿਤੇ ਵੀ ਕਿਸੇ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਜਾਂ ਸੰਬੰਧਤ ਯੂਨੀਵਰਸਿਟੀ/ਕਾਲਜ/ਸੰਸਥਾ ਜਾਂ ਕਿਸੇ ਹੋਰ ਸਰਕਾਰੀ ਸੰਗਠਨ (ਰਾਜ/ਕੇਂਦਰ) ਅਧੀਨ ਕੋਈ ਪੇਸ਼ੇਵਰ ਡਿਪਲੋਮਾ ਕਰ ਰਹੀ ਹੋਵੇ, ਉਹ ਇਸ ਯੋਜਨਾ ਲਈ ਅਰਜ਼ੀ ਦੇਣ ਦੀ ਯੋਗ ਹੋਵੇਗੀ।
- ਜੋ ਬਾਲਿਕਾ ਯੂ.ਜੀ.ਸੀ. ਜਾਂ ਕਿਸੇ ਹੋਰ ਸਰਕਾਰੀ ਸੰਗਠਨ ਦੁਆਰਾ ਮਾਨਤਾ ਪ੍ਰਾਪਤ/ਸੰਬੰਧਤ ਯੂਨੀਵਰਸਿਟੀ, ਕਾਲਜ ਜਾਂ ਸੰਸਥਾ ਵਿੱਚ ਗ੍ਰੈਜੂਏਸ਼ਨ ਕਰ ਰਹੀ ਹੋਵੇ, ਉਹ ਵੀ ਇਸ ਯੋਜਨਾ ਲਈ ਯੋਗ ਹੋਵੇਗੀ।
- ਬਾਲਿਕਾ ਦਾ ਵਿਆਹ ਅਠਾਰਾਂ (18) ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਨਾ ਹੋਇਆ ਹੋਵੇ।

**ਅਰਜ਼ੀ ਕਿਵੇਂ ਦੇਣੀ ਹੈ:** ਅਰਜ਼ੀਆਂ ਆਨਲਾਈਨ ਪੋਰਟਲ ਰਾਹੀਂ ਜਮਹਾਂ ਕਰਵਾਈਆਂ ਜਾਣਗੀਆਂ, ਅਰਥਾਤ -
https://delhilakhpatibitiyawcd.sbilife.co.in/#/Home

ਇਸ ਤੋਂ ਇਲਾਵਾ, ਵਿਭਾਗ ਦੇ ਸਾਰੇ ਜ਼ਿਲ੍ਹਾ ਦਫ਼ਤਰਾਂ ਵਿੱਚ ਹੈਲਪ ਡੈਸਕ-ਕਮ-ਫੈਸਿਲੀਟੇਸ਼ਨ ਕੇਂਦਰ ਸਥਾਪਿਤ ਕੀਤੇ ਗਏ ਹਨ, ਜੋ ਅਰਜ਼ੀਕਾਰਾਂ ਨੂੰ ਰਜਿਸਟਰੇਸ਼ਨ, ਦਸਤਾਵੇਜ਼ ਜਮਹਾਂ ਕਰਵਾਉਣ ਅਤੇ ਸ਼ਿਕਾਇਤ ਨਿਵਾਰਣ ਵਿੱਚ ਸਹਾਇਤਾ ਪ੍ਰਦਾਨ ਕਰਨਗੇ।

ਵਧੇਰੇ ਜਾਣਕਾਰੀ ਲਈ ਅਰਜ਼ੀਕਾਰ ਅਧਿਕਾਰਕ ਵੈੱਬਸਾਈਟ https://wcd.delhi.gov.in 'ਤੇ ਜਾ ਸਕਦੇ ਹਨ ਜਾਂ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਨਜ਼ਦੀਕੀ ਜ਼ਿਲ੍ਹਾ ਦਫ਼ਤਰ **ਡੀ.ਡਬਲਯੂ.ਡੀ.ਸੀ.** ਨਾਲ ਸੰਪਰਕ ਕਰ ਸਕਦੇ ਹਨ।

**ਡਾ. ਰਸ਼ਮੀ ਸਿੰਘ (ਆਈ.ਏ.ਐਸ.)**
**ਸਕੱਤਰ (ਮਹਿਲਾ ਅਤੇ ਬਾਲ ਵਿਕਾਸ), ਜੀ.ਐੱਨ.ਸੀ.ਟੀ. ਡੀ.**

DIP/Shabdarth/Classified/0117/26-27

*ਬਾਸਮਤੀ ਦੀ ਗੁਣਵੱਤਾ ਕਾਇਮ ਰੱਖਣ ਲਈ ਇਸ ਦੀ ਸਹੀ ਸਮੇਂ ਤੇ ਲੁਆਈ ਬੇਹੱਦ ਜ਼ਰੂਰੀ ਹੈ। ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਲਗਾਈ ਗਈ ਫ਼ਸਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿਚ ਤਿਆਰ ਹੋ ਜਾਂਦੀ ਹੈ...*

# ਪੂਸਾ ਬਾਸਮਤੀ 1509

## ਮਿਆਰੀ ਉਤਪਾਦਨ ਲਈ ਅਗੇਤੀ ਬਿਜਾਈ ਨਾ ਕਰੋ

• ਦਲਜੀਤ ਸਿੰਘ ਬੁੱਟਰ

ਚੌਲਾਂ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਾਸਮਤੀ ਹਰ ਆਮ ਅਤੇ ਖ਼ਾਸ ਆਦਮੀ ਦੀ ਪਹਿਲੀ ਪਸੰਦ ਵਿਚ ਸ਼ਾਮਲ ਹੈ। ਵਿਸ਼ਵ ਵਿਚ ਇਹ 'ਸਪੈਸ਼ਿਲੀਟੀ ਰਾਈਸ' ਵਜੋਂ ਜਾਣੀ ਜਾਂਦੀ ਹੈ। ਇਸ ਦੀ ਬਾਕੀ ਚੌਲਾਂ ਨਾਲੋਂ ਵੱਖਰੀ ਬਾਸ ਜਾਂ ਖ਼ੁਸ਼ਬੂ ਹੋਣ ਕਾਰਨ ਇਸ ਨੂੰ ਬਾਸਮਤੀ ਆਖਦੇ ਹਨ। ਇਸ ਦੇ ਚੌਲ ਪਤਲੇ, ਮਿਠਾਸ ਭਰੇ, ਮੁਲਾਇਮ ਅਤੇ ਪਕਾਉਣ ਉਪਰੰਤ ਦੁੱਗਣੇ ਤੋਂ ਵੀ ਵੱਧ ਲੰਬੇ ਹੋ ਜਾਣਾ ਵਾਲੇ ਹੁੰਦੇ ਹਨ। ਇਹ ਸਭ ਤੋਂ ਵੱਧ ਬਰਾਮਦ ਕੀਤੀ ਜਾਣ ਵਾਲੀ ਜਿਣਸ ਹੈ। ਪਿਛਲੇ ਸਾਲ ਇਹ ਰਿਕਾਰਡ 40 ਲੱਖ ਟਨ ਐਕਸਪੋਰਟ ਕੀਤੀ ਗਈ, ਜਿਸ ਦੀ ਕੀਮਤ ਲਗਪਗ 21,604.53 ਕਰੋੜ ਰੁਪਏ ਸੀ।

### ਅਗੇਤੀ ਬਿਜਾਈ ਘਾਟੇ ਦਾ ਸੌਦਾ

*ਮਾਹਿਰਾਂ ਵੱਲੋਂ ਕਿਸਾਨਾਂ ਦੇ ਖੇਤਾਂ 'ਚੋਂ ਅਗੇਤੀ ਤੇ ਸਮੇਂ ਸਿਰ ਬੀਜੀ ਗਈ ਪੂਸਾ ਬਾਸਮਤੀ-1509 ਦੇ ਨਮੂਨੇ ਲਏ ਗਏ। ਇਨ੍ਹਾਂ ਦੀ ਕੱਚੇ ਅਤੇ ਸੇਲੇ ਦੇ ਤੌਰ ਛੜਾਈ ਕੀਤੀ ਗਈ। ਨਤੀਜਿਆਂ 'ਚ ਪਾਇਆ ਗਿਆ ਕਿ ਇਸ ਕਿਸਮ ਦੀ ਅਗੇਤੀ ਬਿਜਾਈ ਨਾਲ ਕੁਲ ਅਤੇ ਸਬੂਤੇ ਚੌਲਾਂ ਦੀ ਪ੍ਰਾਪਤੀ ਕੱਚੀ ਛੜਾਈ ਦੌਰਾਨ ਕ੍ਰਮਵਾਰ 3 ਤੇ 11 ਫ਼ੀਸਦੀ ਘਟਦੀ ਹੈ। ਅਗੇਤੀ ਫ਼ਸਲ ਵਿਚ ਚਾਕੀ (ਗੈਰ-ਪਾਰਦਰਸ਼ੀ) ਦਾਣਿਆਂ ਦੀ ਮਾਤਰਾ ਸਮੇਂ ਸਿਰ ਬੀਜੀ ਫ਼ਸਲ ਨਾਲੋਂ 8 ਫ਼ੀਸਦੀ ਜ਼ਿਆਦਾ ਸੀ। ਪਰ ਬੁਆਲਿੰਗ ਤਕਨੀਕ (ਸੇਲੇ) ਨਾਲ ਕੁਲ ਅਤੇ ਸਾਬਤ ਚੌਲਾਂ ਦੀ ਪ੍ਰਾਪਤੀ ਵਿਚ ਕੱਚੇ ਚੌਲਾਂ ਤੋਂ ਕਾਫ਼ੀ ਵਾਧਾ ਪਾਇਆ ਗਿਆ।ਪ੍ਰੰਤੂ ਇਸ ਵਿਧੀ ਨਾਲ ਵੀ ਅਗੇਤੀ ਫ਼ਸਲ ਵਿਚ ਕੁਲ ਅਤੇ ਸਾਬਤ ਚੌਲਾਂ ਦੀ ਮਾਤਰਾ 'ਚ ਕ੍ਰਮਵਾਰ 4 ਅਤੇ 14 ਫ਼ੀਸਦੀ ਦਾ ਘਾਟਾ ਪਾਇਆ ਗਿਆ।*

### ਬਾਸਮਤੀ ਨੇ ਦੇਸ਼ ਨੂੰ ਦਿਵਾਈ ਪਛਾਣ

ਬਾਸਮਤੀ ਦੇ ਇਹ ਖ਼ਾਸ ਗੁਣ ਤਦ ਹੀ ਵਿਕਸਿਤ ਹੁੰਦੇ ਹਨ ਜਦੋਂ ਇਸ ਨੂੰ ਸਹੀ ਭੂਗੋਲਿਕ ਸਥਿਤੀ ਵਿਚ ਲਗਾਇਆ ਜਾਵੇ। ਬਾਸਮਤੀ ਦੀ ਕਾਸ਼ਤ ਜ਼ਿਆਦਾਤਰ ਪੰਜਾਬ, ਹਰਿਆਣਾ, ਉਤਰਾਖੰਡ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਦਿੱਲੀ ਦੇ ਕੁਝ ਹਿੱਸਿਆਂ ਵਿਚ ਵੀ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਕਾਸ਼ਤ ਵਾਲੇ ਇਨ੍ਹਾਂ ਖੇਤਰਾਂ ਨੂੰ ਵਿਸ਼ਵ ਪੱਧਰ 'ਤੇ ਇਕ ਵੱਖਰੀ ਪਛਾਣ ਲਈ 'ਭੂਗੋਲਿਕ ਇੰਡੀਕੇਟਰ' ਦਾ ਦਰਜਾ ਦਿੱਤਾ ਗਿਆ ਹੈ।

### ਘੱਟ ਸਮੇਂ ਵਿਚ ਪੱਕਣ ਵਾਲੀ ਕਿਸਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਬਾਸਮਤੀ ਦੀਆਂ ਨਵੀਆਂ ਤੇ ਸੁਧਰੀਆਂ ਹੋਈਆਂ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ, ਇਸ ਦੇ ਨਾਲ ਹੀ ਇਨ੍ਹਾਂ ਕਿਸਮਾਂ ਤੋਂ ਵਧੀਆ ਝਾੜ ਲੈਣ ਤੇ ਬਾਸਮਤੀ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਸੁਚੱਜੀਆਂ ਉਤਪਾਦਨ ਤਕਨੀਕਾਂ ਦੀ ਵੀ ਸਿਫਾਰਸ਼ ਕੀਤੀ ਜਾਂਦੀ ਰਹੀ ਹੈ। ਜ਼ਮੀਨਦੋਜ਼ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਯੂਨੀਵਰਸਿਟੀ ਵੱਲੋਂ ਘੱਟ ਸਮੇ ਵਿਚ ਵਾਧੂ ਝਾੜ ਵਾਲੀਆਂ ਕਿਸਮਾਂ ਵਿਕਸਿਤ ਕੀਤੇ ਜਾਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸੇ ਲੜੀ ਤਹਿਤ ਸਾਲ 2013 ਦੌਰਾਨ ਬਾਸਮਤੀ ਦੀ ਨਵੀਂ ਕਿਸਮ 'ਪੂਸਾ ਬਾਸਮਤੀ-1509' ਦੀ ਸਿਫਾਰਸ਼ ਕੀਤੀ ਗਈ, ਜੋ ਸਿਰਫ਼ 120 ਦਿਨ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ।

### ਜੁਲਾਈ ਦੇ ਦੂਜੇ ਪੰਦਰਵਾੜੇ 'ਚ ਕਰੋ ਬਿਜਾਈ

ਵਧੀਆ ਝਾੜ ਤੇ ਉੱਤਮ ਕਿਸਮ ਦੀ ਪੈਦਾਵਾਰ ਲਈ ਪੂਸਾ ਬਾਸਮਤੀ-1509 ਦੀ ਜੂਨ ਦੇ ਦੂਜੇ ਪੰਦਰਵਾੜੇ 'ਚ ਬੀਜੀ ਗਈ ਪਨੀਰੀ ਨੂੰ 25 ਦਿਨ ਦੀ ਹੋਣ 'ਤੇ ਜੁਲਾਈ ਦੇ ਦੂਜੇ ਪੰਦਰਵਾੜੇ ਦੌਰਾਨ ਖੇਤ ਵਿਚ ਲਗਾਉਣਾ ਚਾਹੀਦਾ ਹੈ। ਇਸ ਨਾਲ ਬੂਟੇ ਦਾ ਫੁਟਾਰਾ ਠੀਕ ਹੋਵੇਗਾ ਤੇ ਝਾੜ ਵੀ ਵਧੇਗਾ। ਬਾਸਮਤੀ ਦੇ ਉੱਤਮ ਗੁਣ ਤਦ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ ਜਦੋਂ ਦਾਣੇ ਭਰਨ ਸਮੇਂ ਸਵੇਰ ਅਤੇ ਸ਼ਾਮ ਦਾ ਤਾਪਮਾਨ ਠੰਡਾ ਤੇ ਦਿਨ ਦਾ ਤਾਪਮਾਨ ਜ਼ਿਆਦਾ ਹੋਵੇ। ਬਾਸਮਤੀ ਦੀਆਂ ਪੁਰਾਣੀਆਂ ਕਿਸਮਾਂ, ਜਿਵੇਂ ਬਾਸਮਤੀ-370 ਅਤੇ ਬਾਸਮਤੀ-386 ਸੂਰਜ ਦੀ ਰੋਸ਼ਨੀ ਪ੍ਰਤੀ ਸੰਵੇਦਨਸ਼ੀਲ ਕਿਸਮਾਂ ਸਨ ਤੇ ਇਹ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਸ਼ੁਰੂ 'ਚ ਪੱਕਦੀਆਂ ਸਨ ਪ੍ਰੰਤੂ ਪੂਸਾ ਬਾਸਮਤੀ-1509 ਰੋਸ਼ਨੀ ਪ੍ਰਤੀ ਅਸੰਵੇਦਨਸ਼ੀਲ ਹੈ। ਇਹ ਲਗਾਉਣ ਤੋਂ 120 ਦਿਨਾਂ ਵਿਚ ਪੱਕ ਜਾਂਦੀ ਹੈ। ਇਸ ਲਈ ਬਾਸਮਤੀ ਦੀ ਗੁਣਵੱਤਾ ਕਾਇਮ ਰੱਖਣ ਲਈ ਇਸ ਦੀ ਸਹੀ ਸਮੇਂ ਤੇ ਲੁਆਈ ਬੇਹੱਦ ਜ਼ਰੂਰੀ ਹੈ। ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਲਗਾਈ ਗਈ ਫ਼ਸਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿਚ ਪੱਕਦੀ ਹੈ। ਉਦੋਂ ਬਾਸਮਤੀ ਦੇ ਉੱਤਮ ਗੁਣ-ਮਹਿਕ, ਪਾਰਦਰਸ਼ੀ ਦਾਣਿਆਂ ਤੇ ਸਾਬਤ ਚੌਲਾਂ ਦੀ ਵੱਧ ਪ੍ਰਾਪਤੀ ਲਈ ਵਾਤਾਵਰਨ ਬਿਲਕੁਲ ਅਨੁਕੂਲ ਹੁੰਦਾ ਹੈ।



*ਫ਼ਸਲ ਉੱਪਰ ਹਮਲਾ ਕਰਨ ਵਾਲੇ ਕੀੜੇ ਉਤਪਾਦਨ 'ਚ ਗਿਰਾਵਟ ਦਾ ਵੱਡਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚੋਂ ਕੁਝ ਕੀੜੇ ਬੂਟਿਆਂ ਦਾ ਹਰਾ ਮਾਦਾ ਖਾਂਦੇ ਹਨ, ਕੁਝ ਪੱਤਿਆਂ 'ਚੋਂ ਰਸ ਚੂਸਦੇ ਹਨ ਅਤੇ ਕੁਝ ਕੀੜੇ ਸਿੱਧੇ ਤੌਰ 'ਤੇ ਤਣੇ ਅਤੇ ਸਿੱਟਿਆਂ ਉੱਪਰ ਹਮਲਾ ਕਰ ਕੇ ਉਤਪਾਦਨ 'ਚ ਗਿਰਾਵਟ ਲਿਆਉਂਦੇ ਹਨ। ਇਨ੍ਹਾਂ ਕੀੜਿਆਂ ਦੀ ਵਾਹਕ, ਮਕੈਨੀਕਲ ਅਤੇ ਰਸਾਇਣਕ ਢੰਗਾਂ ਤੋਂ ਇਲਾਵਾ ਮਿੱਤਰ ਕੀਟਾਂ ਜ਼ਰੀਏ ਰੋਕਥਾਮ ਕੀਤੀ ਜਾ ਸਕਦੀ ਹੈ...*



# ਝੋਨਾ

## ਕੀੜਿਆਂ ਦਾ ਹੱਲਾ ਝਾੜ ਲਈ ਖ਼ਤਰਨਾਕ

• ਹਰਪਾਲ ਸਿੰਘ ਰੰਧਾਵਾ
ਸਰਬਜੀਤ ਸਿੰਘ ਔਲਖ

ਝੋਨਾ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਹੈ। ਪੰਜਾਬ ਵਿਚ ਝੋਨੇ ਦਾ ਔਸਤ ਝਾੜ 23.84 ਕੁਇੰਟਲ ਪ੍ਰਤੀ ਏਕੜ ਹੈ, ਜੋ ਆਸ ਤੋਂ ਬਹੁਤ ਘੱਟ ਹੈ। ਝਾੜ ਘੱਟ ਹੋਣ ਦੇ ਅਨੇਕਾਂ ਕਾਰਨ ਹਨ, ਜਿਨ੍ਹਾਂ ਵਿੱਚੋਂ ਫ਼ਸਲ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਪ੍ਰਮੁੱਖ ਹੈ। ਇਨ੍ਹਾਂ ਕੀੜਿਆਂ ਵਿੱਚੋਂ ਗੋਭ ਦੀਆਂ ਸੁੰਡੀਆਂ (ਤਣੇ ਦੇ ਗੜੂੰਏਂ), ਪੱਤਾ ਲਪੇਟ ਸੁੰਡੀ, ਬੂਟਿਆਂ ਦੇ ਟਿੱਡੇ, ਘਾਹ ਦੇ ਟਿੱਡੇ, ਹਿਸਪਾ (ਕੰਡਿਆਲੀ ਭੂੰਡੀ), ਜੜ੍ਹ ਦੀ ਸੁੰਡੀ ਤੇ ਸਿੱਟੇ ਕੁਤਰਨ ਵਾਲੀ ਸੁੰਡੀ ਮੁੱਖ ਹਨ। ਇਨ੍ਹਾਂ ਦੀ ਸੁਚੱਜੀ ਰੋਕਥਾਮ ਲਈ ਸਰਵਪੱਖੀ ਵਿਧੀ ਅਪਨਾਉਣਾ ਬਹੁਤ ਜ਼ਰੂਰੀ ਹੈ। ਸਰਵਪੱਖੀ ਰੋਕਥਾਮ ਲਈ ਸਾਨੂੰ ਉਹ ਸਾਰੇ ਤਰੀਕੇ ਅਪਨਾਉਣੇ ਚਾਹੀਦੇ ਹਨ ਜਿਹੜੇ ਵਾਤਾਵਰਣ ਅਤੇ ਸਮਾਜਿਕ ਪੱਖ ਤੋਂ ਠੀਕ ਹੋਣ। ਇਨ੍ਹਾਂ ਵਿਚ ਵਾਹਕ ਢੰਗਾਂ ਰਾਹੀਂ, ਪਰਜੀਵਾਂ ਦੁਆਰਾ, ਮਕੈਨੀਕਲ ਢੰਗਾਂ ਅਤੇ ਰਸਾਇਣਕ ਦਵਾਈਆਂ ਰਾਹੀ ਰੋਕਥਾਮ ਆਦਿ ਪ੍ਰਮੁੱਖ ਹਨ। ਝੋਨੇ ਦੇ ਪ੍ਰਮੁੱਖ ਕੀੜਿਆਂ ਅਤੇ ਉਨ੍ਹਾਂ ਦੀ ਰੋਕਥਾਮ ਲਈ ਵਰਤੇ ਜਾ ਸਕਣ ਵਾਲੇ ਢੰਗਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਦਿੱਤੀ ਗਈ ਹੈ।

### ਗੋਭ ਦੀਆਂ ਸੁੰਡੀਆਂ (ਤਣੇ ਦੇ ਗੜੂੰਏਂ)

ਇਨ੍ਹਾਂ ਕੀੜਿਆਂ ਵਿਚ ਪੀਲੀ ਤਣਾ ਸੁੰਡੀ, ਚਿੱਟੀ ਤਣਾ ਸੁੰਡੀ ਤੇ ਗੁਲਾਬੀ ਤਣਾ ਸੁੰਡੀ ਸ਼ਾਮਲ ਹਨ। ਇਨ੍ਹਾਂ ਸੁੰਡੀਆਂ ਦੇ ਪਤੰਗੇ ਪੱਤਿਆਂ ਦੇ ਹੇਠਲੇ ਪਾਸੇ ਆਂਡੇ ਦਿੰਦੇ ਹਨ ਤੇ ਕੁਝ ਹੀ ਦਿਨਾਂ 'ਚ ਆਂਡਿਆਂ ਵਿੱਚੋਂ ਸੁੰਡੀਆਂ ਬਾਹਰ ਆ ਕੇ ਪਹਿਲਾਂ ਪੱਤਿਆਂ ਦਾ ਨੁਕਸਾਨ ਕਰਦੀਆਂ ਹਨ ਤੇ ਫਿਰ ਜਵਾਨ ਸੁੰਡੀਆਂ ਤਣੇ ਵਿਚ ਵੜ ਜਾਂਦੀਆਂ ਹਨ ਅਤੇ ਤਣੇ ਦੇ ਅੰਦਰੂਨੀ ਭਾਗ ਨੂੰ ਖਾਂਦੀਆਂ ਹਨ। ਇਹ ਸੁੰਡੀਆਂ ਜੁਲਾਈ ਤੋਂ ਅਕਤੂਬਰ ਤਕ ਵਧੇਰੇ ਨੁਕਸਾਨ ਕਰਦੀਆਂ ਹਨ।।ਨਤੀਜੇ ਵਜੋਂ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ ਤੇ ਮੁੰਜਰਾਂ ਵਿਚ ਦਾਣੇ ਨਹੀਂ ਪੈਂਦੇ। ਅਜਿਹੀਆਂ ਗੋਭਾਂ ਆਸਾਨੀ ਨਾਲ ਬੂਟੇ ਵਿੱਚੋਂ ਖਿੱਚੀਆਂ ਜਾ ਸਕਦੀਆਂ ਹਨ। ਖਾਲੀ ਮੁੰਜਰਾਂ ਚਿੱਟੇ ਰੰਗ ਦੀਆਂ ਦਿਸਦੀਆਂ ਹਨ ਤੇ ਸਿੱਧੀਆਂ ਖੜ੍ਹੀਆਂ ਰਹਿੰਦੀਆਂ ਹਨ।

**ਰੋਕਥਾਮ :** ਝੋਨੇ ਦੀ ਪਨੀਰੀ ਦੀ ਬਿਜਾਈ ਸਮੇਂ ਸਿਰ ਕਰਨੀ ਚਾਹੀਦੀ ਹੈ। ਸਮੇਂ ਤੋਂ ਪਹਿਲਾਂ ਅਤੇ ਦੇਰ ਨਾਲ ਝੋਨੇ ਦੀ ਲਵਾਈ ਕਾਰਨ ਇਸ ਕੀੜੇ ਦੀ ਜਨਸੰਖਿਆ ਬਹੁਤ ਵਧ ਜਾਂਦ ਹੈ ਤੇ ਸਹੀ ਸਮੇਂ ਤੋਂ ਬਾਅਦ ਬੀਜੀ ਗਈ ਫ਼ਸਲ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਕੀੜੇ ਦੇ ਆਂਡਿਆਂ ਦੇ ਝੁੰਡਾਂ ਨੂੰ ਪੱਤੇ ਸਮੇਤ ਤੋੜ ਕੇ ਨਸ਼ਟ ਕਰਦੇ ਰਹਿਣਾ ਚਾਹੀਦਾ ਹੈ। ਇਹ ਕੰਮ ਜੁਲਾਈ ਅਖ਼ੀਰ ਤੋਂ ਸ਼ੁਰੂ ਕਰੋ ਤਾਂ ਜੋ ਕੀੜੇ ਦੇ ਵਾਧੇ ਨੂੰ ਰੋਕਿਆ ਜਾ ਸਕੇ। ਝੋਨੇ ਦੀ ਕਟਾਈ ਤੋਂ ਬਾਅਦ ਮੁੱਢ ਆਦਿ ਖੇਤਾਂ ਵਿਚ ਖੜ੍ਹੇ ਨਾ ਰਹਿਣ ਦਿਓ। ਇਸ ਤੋਂ ਇਲਾਵਾ ਮਿੱਤਰ ਕੀੜਿਆਂ ਟਰਾਈਕੋਗ੍ਰਾਮਾ ਕਿਲੋਨਿਸ ਤੇ ਟਰਾਈਕੋਗ੍ਰਾਮਾ ਜਪੋਨੀਕਮ ਵੀ ਇਸ ਕੀੜੇ ਦੇ ਆਂਡਿਆਂ ਨੂੰ ਨਸ਼ਟ ਕਰਦੇ ਹਨ। ਜਿਨ੍ਹਾਂ ਖੇਤਾਂ ਵਿਚ ਇਸ ਕੀੜੇ ਦਾ ਹਮਲਾ 5 ਫ਼ੀਸਦੀ ਸੁੱਕੀਆਂ ਗੋਭਾਂ (ਇਕਨਾਮਿਕ ਥਰੈਸ਼-ਹੋਲਡ ਲੈਵਲ) ਤੋਂ ਵਧੇਰੇ ਹੋਵੇ, ਉੱਥੇ 20 ਮਿਲੀਲਿਟਰ ਫੇਮ 480 ਐੱਸਸੀ (ਫਲੂਬੈਂਡਾਮਾਈਡ) ਜਾਂ 170 ਗ੍ਰਾਮ ਮੌਰਟਰ 75 ਐੱਸਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 350 ਮਿਲੀਲਿਟਰ ਮਾਰਕਟਰਾਈਜ਼ੋ/ਸੁਟਾਥੀਆਨ 40 ਈਸੀ (ਟਰਾਈਐਜ਼ੋਫਾਸ) ਜਾਂ 560 ਮਿਲੀਲਿਟਰ ਮੋਨੋਸਿਲ 36 ਐੱਸਐੱਲ (ਮੋਨੋਕਰੋਟੋਫਾਸ) ਜਾਂ ਇਕ ਲਿਟਰ ਕੋਰੋਬਾਨ/ਡਰਸਬਾਨ/ਲੀਥਲ/ਕਲੋਰਗਾਰਡ/ਡਰਮਟ/ਕਲਾਸਿਕ/ਫੋਰਸ 20 ਈਸੀ (ਕਲੋਰਪਾਈਰੀਫਾਸ) ਪ੍ਰਤੀ ਏਕੜ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਲੋੜ ਪੈਣ 'ਤੇ ਦਵਾਈ ਬਦਲ ਕੇ ਦੁਬਾਰਾ ਛਿੜਕਾਅ ਕਰੋ।

### ਬੂਟਿਆਂ ਦੇ ਟਿੱਡੇ

ਇਨ੍ਹਾਂ ਕੀੜਿਆਂ ਵਿਚ ਚਿੱਟੀ ਪਿੱਠ ਵਾਲੇ, ਹਰੇ ਤੇ ਭੂਰੇ ਟਿੱਡੇ ਸ਼ਾਮਲ ਹਨ। ਇਨ੍ਹਾਂ ਦਾ ਹਮਲਾ ਜੁਲਾਈ ਤੋਂ ਅਕਤੂਬਰ ਤਕ ਹੁੰਦਾ ਹੈ। ਟਿੱਡਿਆਂ ਦੇ ਬੱਚੇ ਤੇ ਜਵਾਨ ਟਿੱਡੇ ਦੋਵੇਂ ਹੀ ਬੂਟੇ ਦਾ ਰਸ ਚੂਸਦੇ ਹਨ, ਜਿਸ ਨਾਲ ਫ਼ਸਲ ਧੋੜੀਆਂ ਵਿਚ ਸੁੱਕ ਜਾਂਦੀ ਹੈ। ਇਸ ਨੂੰ ਟਿੱਡੇ ਦਾ ਸਾੜ (ਹਾਪਰ ਬਰਨ) ਵੀ ਕਿਹਾ ਜਾਂਦਾ ਹੈ। ਜਦੋਂ ਪਹਿਲੇ ਬੂਟੇ ਸੁੱਕ ਜਾਂਦੇ ਹਨ ਤਾਂ ਟਿੱਡੇ ਨੇੜਲੇ ਨਰੋਏ ਬੂਟਿਆਂ 'ਤੇ ਚਲੇ ਜਾਂਦੇ ਹਨ।

**ਰੋਕਥਾਮ :** ਜਿਨ੍ਹਾਂ ਇਲਾਕਿਆਂ ਵਿਚ ਟਿੱਡੇ ਦਾ ਹਮਲਾ ਹੁੰਦਾ ਹੈ, ਉੱਥੇ ਇਨ੍ਹਾਂ ਦਾ ਹਮਲਾ ਸਹਿਣ ਵਾਲੀ ਕਿਸਮਾਂ ਦੀ ਬਿਜਾਈ ਕਰੋ। ਪਨੀਰੀ ਪੁੱਟ ਕੇ ਖੇਤ ਵਿਚ ਲਗਾਉਣ ਤੋਂ ਇਕ ਮਹੀਨੇ ਬਾਅਦ ਹਰ ਹਫ਼ਤੇ ਕੁਝ ਬੂਟਿਆਂ ਨੂੰ ਟੇਢੇ ਕਰਕੇ ਦੋ-ਤਿੰਨ ਵਾਰ ਝਾੜੋ। ਜੇ ਪ੍ਰਤੀ ਬੂਟਾ 5-10 ਟਿੱਡੇ ਪਾਣੀ 'ਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਕੀਟਨਾਸ਼ਕਾਂ ਦੀ ਵਰਤੋਂ ਕਰੋ। ਟਿੱਡਿਆਂ ਦੀ ਰੋਕਥਾਮ ਲਈ 40 ਮਿਲੀਲਿਟਰ ਕੌਨਫੀਡੋਰ/ਕਰੌਕੋਡਾਈਲ 17.8 ਐੱਸਐੱਲ (ਇਮਿਡਾਕਲੋਪਰਿਡ) ਜਾਂ 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈਸੀ (ਕੁਇਨਲਫਾਸ) ਜਾਂ ਇਕ ਲਿਟਰ ਕੋਰੋਬਾਨ/ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। ਲੋੜ ਹੋਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਜ਼ਹਿਰਾਂ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰਨਾ ਚਾਹੀਦਾ ਹੈ। ਟਿੱਡੇ ਮਾਰਨ ਲਈ ਹਮਲੇ ਵਾਲੀਆਂ ਥਾਵਾਂ ਦੇ 3-4 ਮੀਟਰ ਦੇ ਘੇਰੇ 'ਚ ਵੀ ਦਵਾਈ ਦੀ ਵਰਤੋਂ ਕਰੋ।

### ਸਿੱਟੇ ਕੁਤਰਨ ਵਾਲੀ ਸੁੰਡੀ

ਇਸ ਕੀੜੇ ਦੀਆਂ ਸੁੰਡੀਆਂ ਝੁੰਡਾਂ ਵਿਚ ਹੁੰਦੀਆਂ ਹਨ, ਜਿਸ ਕਰਕੇ ਇਨ੍ਹਾਂ ਨੂੰ ਸੈਨਿਕ ਸੁੰਡੀਆਂ ਵੀ ਆਖਦੇ ਹਨ। ਛੋਟੀਆਂ ਸੁੰਡੀਆਂ ਪੌਦੇ ਦੇ ਪੱਤੇ ਖਾਂਦੀਆਂ ਹਨ ਤੇ ਪਿੱਛੋਂ ਵਿਚਕਾਰਲੀਆਂ ਨਾੜਾਂ ਤੇ ਤਣੇ ਰਹਿ ਜਾਂਦੇ ਹਨ। ਵੱਡੀਆਂ ਸੁੰਡੀਆਂ ਮੁੰਜਰਾਂ ਦੀਆਂ ਡੰਡੀਆਂ ਕੱਟ ਦਿੰਦੀਆਂ ਹਨ ਜਿਸ ਕਰਕੇ ਇਨ੍ਹਾਂ ਨੂੰ ਸਿੱਟੇ ਕੁਤਰਣ ਵਾਲੀਆਂ ਸੁੰਡੀਆਂ ਕਿਹਾ ਜਾਂਦਾ ਹੈ। ਇਹ ਸੁੰਡੀ ਝੋਨੇ ਦੀ ਫ਼ਸਲ ਦਾ ਬਹੁਤ ਨੁਕਸਾਨ ਕਰਦੀ ਹੈ। ਵਧੇਰੇ ਨੁਕਸਾਨ ਸਤੰਬਰ ਤੋਂ ਨਵੰਬਰ ਤਕ ਹੁੰਦਾ ਹੈ।

**ਰੋਕਥਾਮ :** ਇਹ ਸੁੰਡੀਆਂ ਮਿੱਟੀ ਦੀਆਂ ਤਰੇੜਾਂ ਆਦਿ ਵਿਚ ਦਿਨ ਵੇਲੇ ਲੁਕੀਆਂ ਰਹਿੰਦੀਆਂ ਹਨ ਤੇ ਬਾਅਦ ਵਿਚ ਕੋਏ ਵੀ ਮਿੱਟੀ ਵਿਚ ਬਣਾਉਂਦੀਆਂ ਹਨ। ਜਿਨ੍ਹਾਂ ਖੇਤਾਂ ਵਿਚ ਇਸ ਦਾ ਹਮਲਾ ਹੋਵੇ, ਉੱਥੇ ਕਟਾਈ ਤੋਂ ਬਾਅਦ ਖੇਤ ਨੂੰ ਡੂੰਘਾ ਵਾਹ ਕੇ ਖੁੱਲ੍ਹਾ ਛੱਡ ਦਿਓ ਤਾਂ ਜੋ ਧੁੱਪ ਨਾਲ ਸੁੰਡੀਆਂ ਮਰ ਜਾਣ ਜਾਂ ਮਿੱਤਰ ਕੀੜੇ ਤੇ ਪੰਛੀ ਇਨ੍ਹਾਂ ਨੂੰ ਖਾ ਸਕਣ। ਇਸ ਕੀੜੇ ਦੀ ਰੋਕਥਾਮ, 400 ਮਿਲੀਲਿਟਰ ਏਕਾਲਕਸ/ਕੁਇਨਗਾਰਡ 25 ਈਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ 'ਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਇਹ ਸੁੰਡੀਆਂ ਰਾਤ ਸਮੇਂ ਜ਼ਿਆਦਾ ਚੁਸਤ ਤੇ ਦਿਨ ਵੇਲੇ ਬੂਟਿਆਂ ਵਿਚ ਤੇ ਜ਼ਮੀਨ ਦੀਆਂ ਤਰੇੜਾਂ 'ਚ ਲੁਕੀਆਂ ਹੁੰਦੀਆਂ ਹਨ, ਇਸ ਲਈ ਛਿੜਕਾਅ ਸ਼ਾਮ ਵੇਲੇ ਹੀ ਕਰੋ। •

### ਪੱਤਾ ਲਪੇਟ ਸੁੰਡੀ

ਇਸ ਕੀੜੇ ਦੀਆਂ ਸੁੰਡੀਆਂ ਪੱਤੇ ਨੂੰ ਲਪੇਟ ਕੇ ਅੰਦਰੋਂ ਹਰਾ ਮਾਦਾ ਖਾਂਦੀਆਂ ਹਨ, ਜਿਸ ਨਾਲ ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਮਹੀਨਿਆਂ ਵਿਚ ਹੁੰਦਾ ਹੈ। ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਜ਼ਿਆਦਾ ਵਰਤੋਂ ਨਾਲ ਇਸ ਕੀੜੇ ਦਾ ਹਮਲਾ ਵਧ ਸਕਦਾ ਹੈ।



**ਰੋਕਥਾਮ**

ਮਿੱਟੀ ਪਰਖ ਦੇ ਆਧਾਰ 'ਤੇ ਸਹੀ ਸਮੇਂ ਤੇ ਸਹੀ ਮਾਤਰਾ ਵਿਚ ਖਾਦਾਂ ਦੀ ਵਰਤੋਂ ਕਰੋ। ਜਦੋਂ ਪੱਤਿਆਂ ਦਾ ਨੁਕਸਾਨ 10 ਫ਼ੀਸਦੀ ਤੋਂ ਵਧੇਰੇ ਹੋਵੇ ਤਾਂ ਇਸ ਸੁੰਡੀ ਦੀ ਰੋਕਥਾਮ ਵੀ ਗੋਭ ਦੀ ਸੁੰਡੀ ਤੇ ਕਾਬੂ ਪਾਉਣ ਵਾਲੀਆਂ ਸਿਫਾਰਸ ਕੀਤੀਆਂ ਰਸਾਇਣਾਂ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਕੀੜੇ ਦਾ ਹਮਲਾ ਹੋਣ 'ਤੇ 20-30 ਮੀਟਰ ਲੰਬੀ ਨਾਰੀਅਲ ਦੀ ਰੱਸੀ ਫ਼ਸਲ ਦੇ ਉੱਪਲਰੇ ਸਿਰੇ 'ਤੇ ਫ਼ਸਲ ਦੇ ਨਿਸਰਨ ਤੋਂ ਪਹਿਲਾਂ ਫੇਰੋ। ਪਹਿਲੀ ਵਾਰ ਖੇਤ ਦੇ ਇਕ ਸਿਰੇ ਤੋਂ ਦੂਜੇ ਸਿਰੇ 'ਤੇ ਜਾਓ ਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਪਰਤੋ।।ਖ਼ਿਆਲ ਰੱਖੋ ਕਿ ਰੱਸੀ ਫੇਰਨ ਸਮੇਂ ਖੇਤ ਵਿਚ ਪਾਣੀ ਜ਼ਰੂਰ ਖੜ੍ਹਾ ਹੋਣਾ ਚਾਹੀਦਾ ਹੈ।

### ਜੜ੍ਹਾਂ ਦੀ ਸੁੰਡੀ

ਇਹ ਸੁੰਡੀ ਲੱਤਾਂ ਤੋ ਬਿਨਾਂ ਤੇ ਚਿੱਟੇ ਰੰਗ ਦੀ ਹੁੰਦੀ ਹੈ। ਇਹ ਜੁਲਾਈ ਤੋਂ ਸਤੰਬਰ ਤਕ ਜ਼ਮੀਨ ਵਿਚ ਬੂਟੇ ਦੀਆਂ ਜੜ੍ਹਾਂ ਨੂੰ ਖਾਂਦੀ ਹੈ। ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ ਤੇ ਪੀਲੇ ਪੈ ਜਾਂਦੇ ਹਨ ਅਤੇ ਪੂਰਾ ਜਾੜ ਨਹੀ ਮੱਲਦੇ।



**ਰੋਕਥਾਮ**

ਰੋਕਥਾਮ : ਜਿਨ੍ਹਾਂ ਖੇਤਾਂ ਵਿਚ ਇਸ ਦਾ ਹਮਲਾ ਹੋਇਆ ਹੋਵੇ ਉੱਥੇ ਕਟਾਈ ਤੋਂ ਬਾਅਦ ਖੇਤ ਨੂੰ ਡੂੰਘਾ ਵਾਹ ਕੇ ਖੁੱਲ੍ਹਾ ਛੱਡ ਦਿਓ। ਹਮਲੇ ਵਾਲੇ ਖੇਤਾਂ ਵਿਚ 3 ਕਿੱਲੋ ਫੌਰਾਟੋਕਸ/ਥਿਮਟ 10 ਜੀ (ਫੋਰੇਟ) ਪ੍ਰਤੀ ਏਕੜ ਦਾਣੇਦਾਰ ਦਵਾਈ ਦਾ ਖੜ੍ਹੇ ਪਾਣੀ ਵਿਚ ਛੱਟਾ ਦੇ ਦਿਓ।

### ਹਿਸਪਾ ਭੂੰਡੀ

ਇਸ ਕੀੜੇ ਦੇ ਬੱਚੇ ਪੱਤਿਆਂ ਵਿਚ ਸੁਰੰਗ ਬਣਾ ਕੇ ਹਰਾ ਮਾਦਾ ਖਾਂਦੇ ਹਨ ਪਰ ਵੱਡੇ ਕੀੜੇ (ਭੂੰਡੀਆਂ) ਬਾਹਰੋਂ ਨੁਕਸਾਨ ਕਰਦੇ ਹਨ।।ਇਸ ਨਾਲ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂਹਨ ਤੇ ਖੇਤ ਦੂਰੋਂ ਚਿੱਟਾ ਨਜ਼ਰ ਆਉਂਦਾ ਹੈ।



**ਰੋਕਥਾਮ**

ਜੇ ਇਹ ਕੀੜਾ ਪਨੀਰੀ ਨੂੰ ਨੁਕਸਾਨ ਕਰੇ ਤਾਂ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਗਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਓ। ਜੇ ਇਨ੍ਹਾਂ ਦਾ ਹਮਲਾ ਫ਼ਸਲ 'ਤੇ ਹੋਵੇ ਤਾਂ 120 ਮਿਲੀਲਿਟਰ ਮਿਥਾਈਲ ਪੈਰਾਥੀਆਨ 50 ਈਸੀ ਜਾਂ 560 ਮਿਲੀਲਿਟਰ ਮੋਨੋਸਿਲ 36 ਐੱਸਐੱਲ (ਮੋਨੋਕਰੋਟੋਫਾਸ) ਜਾਂ ਇਕ ਲਿਟਰ ਡਰਸਬਾਨ 20 ਤਾਕਤ (ਕਲੋਰਪਾਈਰੀਫਾਸ) ਜਾਂ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਲੋੜ ਪੈਣ 'ਤੇ ਦੁਬਾਰਾ ਛਿੜਕਾਅ ਕਰੋ।

# ਨਰਮੇ ਤੇ ਕਪਾਹ ਦੀਆਂ ਬਿਮਾਰੀਆਂ ਦੀ ਰੋਕਥਾਮ

• ਅਮਰਜੀਤ ਸਿੰਘ

*ਨਰਮੇ ਅਤੇ ਕਪਾਹ ਦੀ ਫ਼ਸਲ ਉੱਪਰ ਮੁੱਖ ਤੌਰ 'ਤੇ ਵਿਸ਼ਾਣੂ ਅਤੇ ਉੱਲੀ ਰੋਗਾਂ ਦਾ ਹਮਲਾ ਹੁੰਦਾ ਹੈ। ਇਨ੍ਹਾਂ ਰੋਗਾਂ ਦੇ ਵੱਡੇ ਹਮਲੇ ਕਾਰਨ ਫ਼ਸਲ ਦਾ ਭਾਰੀ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਫ਼ਸਲ ਪੂਰੀ ਮਰ ਜਾਂਦੀ ਹੈ। ਜੇ ਇਨ੍ਹਾਂ ਰੋਗਾਂ ਦੀ ਸਮਾਂ ਰਹਿੰਦਿਆਂ ਸਹੀ ਪਛਾਣ ਕਰ ਕੇ ਰੋਕਥਾਮ ਨਾ ਕੀਤੀ ਜਾਵੇ ਤਾਂ ਕਿਸਾਨ ਨੂੰ ਲਾਗਤ ਮੁੱਲ ਪੂਰਾ ਕਰਨਾ ਵੀ ਔਖਾ ਹੋ ਜਾਂਦਾ ਹੈ। ਇਹ ਤਦ ਹੀ ਸੰਭਵ ਹੈ ਜੇ ਸਾਨੂੰ ਇਨ੍ਹਾਂ ਰੋਗਾਂ, ਉਨ੍ਹਾਂ ਦੀਆਂ ਨਿਸ਼ਾਨੀਆਂ ਤੇ ਰੋਕਥਾਮ ਦੇ ਸਰਵਪੱਖੀ ਢੰਗਾਂ ਬਾਰੇ ਜਾਣਕਾਰੀ ਹੋਵੇ...*

ਨਰਮੇ-ਕਪਾਹ ਦੀ ਫ਼ਸਲ ਉੱਪਰ ਬਹੁਤ ਸਾਰੀਆਂ ਬਿਮਾਰੀਆਂ ਹਮਲਾ ਕਰਦੀਆਂ ਹਨ। ਇਨ੍ਹਾਂ ਦੇ ਹਮਲੇ ਨਾਲ ਬੂਟੇ ਦੇ ਸੁੱਕਣ, ਪੱਤਿਆਂ ਦੇ ਧੱਬੇ ਅਤੇ ਪੱਤਿਆਂ ਦਾ ਕੱਪਾਂ ਵਰਗੀ ਸ਼ਕਲ ਅਖ਼ਤਿਆਰ ਕਰ ਜਾਣ ਵਰਗੀਆਂ ਵੱਖ-ਵੱਖ ਨਿਸ਼ਾਨੀਆਂ ਫ਼ਸਲ 'ਤੇ ਵਿਖਾਈ ਦਿੰਦੀਆਂ ਹਨ। ਪੱਤਾ ਮਰੋੜ ਰੋਗ ਨਾਲ ਨਰਮੇ ਦੀ ਫ਼ਸਲ ਦਾ 90 ਫ਼ੀਸਦੀ ਤਕ ਨੁਕਸਾਨ ਹੋ ਸਕਦਾ ਹੈ। ਦੇਸੀ ਕਪਾਹ 'ਤੇ ਸੋਕੜਾ ਰੋਗ ਦੇ ਹਮਲੇ ਕਾਰਨ ਝਾੜ ਕਾਫੀ ਘਟ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਨਾਲ ਰੂੰ ਦੀ ਗੁਣਵੱਤਾ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਨ੍ਹਾਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਲਈ ਕਿਸਾਨਾਂ ਨੂੰ ਬਿਮਾਰੀਆਂ ਦੀਆਂ ਨਿਸ਼ਾਨੀਆਂ ਤੇ ਇਨ੍ਹਾਂ ਦੀ ਰੋਕਥਾਮ ਦੇ ਤਰੀਕਿਆਂ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ।

### ਲੀਫ ਕਰਲ ਜਾਂ ਪੱਤਾ ਮਰੋੜ ਰੋਗ

ਇਹ ਇਕ ਵਿਸ਼ਾਣੂ ਰੋਗ ਹੈ, ਜੋ ਚਿੱਟੀ ਮੱਖੀ ਰਾਹੀਂ ਫ਼ੈਲਦਾ ਹੈ। ਦੇਸੀ ਕਪਾਹ ਨੂੰ ਇਹ ਰੋਗ ਬਿਲਕੁਲ ਨਹੀਂ ਲੱਗਦਾ ਜਦਕਿ ਨਰਮੇ 'ਤੇ ਇਹ 90 ਫ਼ੀਸਦੀ ਤੋਂ ਵੱਧ ਬੂਟਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਰੋਗ ਪਹਿਲੀ ਵਾਰ 1994 ਵਿਚ ਪਾਕਿਸਤਾਨੀ ਸਰਹੱਦ ਨਾਲ ਲਗਦੇ ਅਬੋਹਰ ਖੇਤਰ ਵਿਚ ਵੇਖਣ ਨੂੰ ਮਿਲਿਆ ਸੀ ਪਰ ਹੁਣ ਸਾਰੇ ਉੱਤਰੀ ਭਾਰਤ 'ਚ ਫੈਲ ਚੁੱਕਾ ਹੈ। ਪਿਛਲੇ ਸਾਲ ਇਸ ਰੋਗ ਦਾ ਵਧੇਰੇ ਹਮਲਾ ਮਨਜੀਤ, ਸਲੈਕਸ਼ਨ-1 ਤੇ ਸਲੈਕਸ਼ਨ-2 ਆਦਿ ਗੈਰ ਸਫਾਰਸ਼ੀ ਕਿਸਮਾਂ ਉੱਤੇ ਵੇਖਣ ਨੂੰ ਮਿਲਿਆ। ਰੋਗੀ ਬੂਟਿਆਂ ਦੇ ਉੱਪਰਲੇ ਪੱਤਿਆਂ ਦੀਆਂ ਨਾੜੀਆਂ ਮੋਟੀਆਂ ਹੋ ਜਾਂਦੀਆਂ ਹਨ। ਪੱਤੇ ਗੂੜ੍ਹੇ ਹਰੇ ਹੋ ਜਾਂਦੇ ਹਨ ਤੇ ਉੱਪਰ ਵੱਲ ਨੂੰ ਮੁੜ ਕੇ ਕੱਪ ਵਰਗਾ ਰੂਪ ਲੈ ਲੈਂਦੇ ਹਨ ਤੇ ਝੁਰੜ-ਮੁਰੜੇ ਹੋ ਜਾਂਦੇ ਹਨ। ਕਈ ਵਾਰ ਪੱਤਿਆ ਦੇ ਹੇਠਲੇ ਪਾਸੇ ਛੋਟੀਆਂ-ਛੋਟੀਆਂ ਹਰੀਆਂ ਪੱਤੀਆਂ ਵੀ ਨਿਕਲ ਆਉਂਦੀਆਂ ਹਨ। ਜੇ ਇਸ ਰੋਗ ਦਾ ਹਮਲਾ ਅਗੇਤਾ ਹੋ ਜਾਵੇ ਤਾਂ ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਤੇ ਬੂਟੇ ਮਧਰੇ ਰਹਿ ਜਾਂਦੇ ਹਨ। ਰੋਗੀ ਬੂਟਿਆਂ ਨੂੰ ਫੁੱਲ ਤੇ ਟੀਂਡੇ ਘੱਟ ਲਗਦੇ ਹਨ। ਅਗੇਤੀ ਫ਼ਸਲ ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ। ਇਸ ਰੋਕ 'ਤੇ ਕਾਬੂ ਪਾਉਣ ਲਈ ਸਫਾਰਸ਼ ਕੀਤੀਆਂ ਬੀਟੀ ਨਰਮੇ ਦੀਆਂ ਦੋਗਲੀਆਂ ਕਿਸਮਾਂ ਦੀ ਹੀ ਕਾਸ਼ਤ ਕਰਨੀ ਚਾਹੀਦੀ ਹੈ। ਖੇਤ ਵਿੱਚੋਂ ਕੰਘੀ ਬੂਟੀ, ਪੀਲੀ ਬੂਟੀ ਤੇ ਗੁੱਤ ਪੁੱਟਣੇ ਨਦੀਨਾਂ ਅਤੇ ਨਰਮੇ ਦੇ ਆਪ ਮੁਹਾਰੇ ਉੱਗੇ ਬੂਟਿਆਂ ਅਤੇ ਮੁੱਢੀਆਂ ਨੂੰ ਨਸ਼ਟ ਕਰ ਦਿਓ ਜਾਂ ਮਿੱਟੀ ਵਿਚ ਡੂੰਘਾ ਦਬਾ ਦਿਓ, ਕਿਉਂਕਿ ਇਹ ਵਿਸ਼ਾਣੂੰ ਰੋਗ ਇਨ੍ਹਾਂ ਬੂਟਿਆਂ 'ਤੇ ਪਲਦਾ ਹੈ।

### ਝੁਲਸ ਰੋਗ

ਇਹ ਇੱਕ ਜੀਵਾਣੂ ਰੋਗ ਹੈ, ਜੋ ਬੂਟੇ ਦੇ ਜ਼ਮੀਨ ਤੋਂ ਉਪਰਲੇ ਭਾਗਾਂ 'ਤੇ ਹਮਲਾ ਕਰਦਾ ਹੈ। ਇਸ ਦੇ ਹਮਲੇ ਨਾਲ ਪੱਤਿਆਂ ਤੇ ਛੋਟ-ਛੋਟੇ ਪਾਣੀ ਭਿੱਜੇ ਨੋਕਦਾਰ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿਚ ਭੂਰੇ ਰੰਗ ਦੇ ਹੋ ਜਾਂਦੇ ਹਨ। ਇਸ ਰੋਗ ਨਾਲ ਪੱਤਿਆਂ ਦੀਆਂ ਨਾੜੀਆਂ ਕਾਲੀਆਂ ਹੋ ਜਾਂਦੀਆਂ ਹਨ। ਗੰਭੀਰ ਹਾਲਤ ਵਿਚ ਪੱਤੇ ਸੁੱਕ ਜਾਂਦੇ ਹਨ। ਜਿਆਦਾ ਹਮਲੇ ਸਮੇਂ ਇਹ ਧੱਬੇ ਟਹਿਣੀਆਂ 'ਤੇ ਵੀ ਪੈ ਜਾਂਦੇ ਹਨ ਤੇ ਟਹਿਣੀਆਂ ਸੁੱਕ ਜਾਂਦੀਆਂ ਹਨ। ਇਸ ਰੋਗ ਨਾਲ ਟੀਂਡਿਆਂ ਉੱਤੇ ਵੀ ਭੂਰੇ ਰੰਗ ਦੇ ਵਿਚਕਾਰੋਂ ਅੰਦਰ ਨੂੰ ਧਸੇ ਹੋਏ ਧੱਬੇ ਪੈ ਜਾਂਦੇ ਹਨ। ਮੀਂਹ ਪੈਣ ਤੋਂ ਬਾਅਦ ਇਨ੍ਹਾਂ ਜ਼ਰੀਏ ਬੈਕਟੀਰੀਆ ਦੇ ਕਣ ਟੀਂਡਿਆਂ ਵਿਚ ਚਲੇ ਜਾਂਦੇ ਹਨ ਜਿਸ ਨਾਲ ਕੱਚੀ ਰੂੰ ਤੇ ਟੀਂਡਿਆਂ ਅੰਦਰ ਬਣ ਰਹੇ ਬੀਜ ਗਲ ਜਾਂਦੇ ਹਨ। ਇਸ ਰੋਗ ਦੇ ਜੀਵਾਣੂੰ ਬੀਜ ਤੇ ਫ਼ਸਲੀ ਰਹਿੰਦ-ਖੂੰਹਦ ਵਿਚ ਵੀ ਰਹਿੰਦੇ ਹਨ ਤੇ ਅਗਲੇ ਸਾਲ ਬਿਮਾਰੀ ਲੱਗਣ ਦਾ ਕਾਰਨ ਬਣਦੇ ਹਨ। ਬਿਮਾਰੀਆਂ ਵਾਲੀਆਂ ਛਿਟੀਆਂ ਨੂੰ ਖੇਤ ਵਿੱਚੋਂ ਕੱਢ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ। ਦੇਸੀ ਕਪਾਹ ਤੇ ਨਰਮੇ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ ਕਿਉਂਕਿ ਇਨ੍ਹਾਂ 'ਤੇ ਝੁਲਸ ਰੋਗ ਦਾ ਹਮਲਾ ਘੱਟ ਹੁੰਦਾ ਹੈ। ਮੌਨਸੂਨ ਦੇ ਪਹਿਲੇ ਮੀਂਹ ਉਪਰੰਤ ਫ਼ਸਲ 'ਤੇ 500 ਗ੍ਰਾਮ ਬਲਾਈਟੌਕਸ ਤੇ 3 ਗ੍ਰਾਮ ਸਟਰੈਪਟੋ-ਸਾਇਕਲਿਨ ਜਾਂ 20 ਗ੍ਰਾਮ ਐਗਰੋਮਾਈਸਨ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ 15-20 ਦਿਨਾਂ ਦੇ ਫ਼ਰਕ 'ਤੇ 2-3 ਛਿੜਕਾਅ ਕਰੋ।

### ਪੱਤਿਆਂ 'ਤੇ ਉੱਲੀਆਂ ਦੇ ਧੱਬੇ

ਨਰਮੇਂ-ਕਪਾਹ ਦੀ ਫ਼ਸਲ ਉੱਤੇ ਅਲਟਰਨੇਰੀਆ ਤੇ ਮੈਰੋਥੀਸ਼ੀਅਮ ਆਦਿ ਉੱਲੀਆਂ ਹਮਲਾ ਕਰਦੀਆਂ ਹਨ। ਇਸ ਨਾਲ ਪੱਤਿਆਂ ਉੱਪਰ ਵੱਖ-ਵੱਖ ਤਰ੍ਹਾਂ ਦੇ ਧੱਬੇ ਪੈ ਜਾਂਦੇ ਹਨ। ਜੇ ਇਨ੍ਹਾਂ ਦਾ ਹਮਲਾ ਅਗੇਤਾ ਹੋਵੇ ਤਾਂ ਝਾੜ ਬੇਹੱਦ ਘਟ ਜਾਂਦਾ ਹੈ। ਅਲਟਰਨੇਰੀਆ ਦੇ ਹਮਲੇ ਨਾਲ ਪੱਤਿਆਂ ਉੱਤੇ ਹਲਕੇ ਪੀਲੇ ਤੋਂ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਬਾਅਦ ਵਿਚ ਗੂੜ੍ਹੇ ਹੋ ਜਾਂਦੇ ਹਨ ਤੇ ਇਨ੍ਹਾਂ ਧੱਬਿਆਂ ਵਿਚ ਗੋਲ ਧਾਰੀਆਂ ਵੀ ਬਣ ਜਾਂਦੀਆਂ ਹਨ। ਬਿਮਾਰੀ ਦਾ ਹਮਲਾ ਜ਼ਿਆਦਾ ਹੋਣ ਕਰਕੇ ਪੱਤੇ ਸੁੱਕ ਕੇ ਝੜ ਜਾਂਦੇ ਹਨ। ਇਸ ਰੋਗ ਦਾ ਹਮਲਾ ਮਾੜੀਆਂ ਜ਼ਮੀਨਾਂ ਵਿਚ ਲਗਾਈ ਗਈ ਫ਼ਸਲ 'ਤੇ ਵਧੇਰੇ ਹੁੰਦਾ ਹੈ। ਇਸ ਰੋਗ ਦੀ ਉੱਲੀ ਦੇ ਕਣ ਫ਼ਸਲੀ ਰਹਿੰਦ-ਖੂੰਹਦ ਵਿਚ ਪਲਦੇ ਰਹਿੰਦੇ ਹਨ।

ਮਾਇਰੋਥੀਸ਼ੀਅਮ ਨਾਂ ਦੀ ਉੱਲੀ ਦੇ ਹਮਲੇ ਕਾਰਨ ਪੱਤਿਆਂ ਤੇ ਟੀਂਡਿਆਂ ਉੱਤੇ ਗੋਲ ਭੂਰੇ ਰੰਗ ਦੇ ਜਾਮਣੀ ਕਿਨਾਰਿਆਂ ਵਾਲੇ ਧੱਬੇ ਪੈ ਜਾਂਦੇ ਹਨ। ਇਨ੍ਹਾਂ ਧੱਬਿਆਂ ਉੱਤੇ ਬਾਅਦ ਵਿਚ ਕਾਲੇ ਰੰਗ ਦੇ ਟਿਮਕਣੇ ਜਿਹੇ ਪੈਦਾ ਹੋ ਜਾਂਦੇ ਹਨ। ਤੇਜ਼ ਹਵਾ ਕਾਰਨ ਇਹ ਧੱਬੇ ਵਿੱਚੋਂ ਡਿੱਗ ਪੈਂਦੇ ਹਨ, ਜਿਸ ਕਾਰਨ ਪੱਤਿਆਂ ਵਿਚ ਛੇਕ ਨਜ਼ਰ ਆਉਂਦੇ ਹਨ। ਮੀਂਹ ਅਤੇ ਜ਼ਿਆਦਾ ਨਮੀਂ ਵਾਲੀਆਂ ਹਾਲਤਾਂ ਇਸ ਬਿਮਾਰੀ 'ਚ ਵਾਧਾ ਕਰਦੀਆਂ ਹਨ। ਇਸ ਤੋਂ ਇਲਾਵਾ ਭਾਰੀ ਫ਼ਸਲ ਵਾਲੇ ਖੇਤਾਂ ਵਿਚ ਵੀ ਇਸ ਬਿਮਾਰੀ ਦਾ ਵਾਧਾ ਜ਼ਿਆਦਾ ਹੁੰਦਾ ਹੈ। ਇਹ ਉੱਲੀ ਬੀਜ ਤੇ ਫ਼ਸਲੀ ਰਹਿੰਦ-ਖੂੰਹਦ ਵਿਚ ਪਲਦੀ ਹੈ। ਇਸ ਦੀ ਰੋਕਥਾਮ ਲਈ 500 ਗ੍ਰਾਮ ਬਲਾਈਟੌਕਸ ਜਾਂ ਕੈਪਟਾਨ ਨੂੰ 200 ਲਿਟਰ ਪਾਣੀ 'ਚ ਮਿਲਾ ਕੇ 15-20 ਦਿਨਾਂ ਦੇ ਫ਼ਰਕ 'ਤੇ ਛਿੜਕਾਅ ਕਰੋ। ਪਹਿਲਾ ਛਿੜਕਾਅ ਮੀਂਹ ਪੈਣ ਤੋਂ ਬਾਅਦ ਕਰੋ। ਦੋ ਤੋਂ ਤਿੰਨ ਛਿੜਕਾਅ ਕਾਫੀ ਹਨ। ਫ਼ਸਲ ਲੈਣ ਤੋਂ ਬਾਅਦ ਰਹਿੰਦ-ਖੂੰਹਦ ਨੂੰ ਖੇਤ ਵਿੱਚੋਂ ਕੱਢ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ।

**ਮੋਬਾਈਲ 94637-47280**

### ਜੜ੍ਹਾਂ ਦਾ ਗਲਣਾ

*ਉੱਲੀ ਕਾਰਨ ਬੂਟਿਆਂ ਦੀਆਂ ਜੜ੍ਹਾਂ ਗਲ ਜਾਂਦੀਆਂ ਹਨ। ਛਿੱਲੜ ਅੰਦਰੋਂ ਕਾਲੇ ਹੋ ਕੇ ਰੇਸ਼ੇਦਾਰ ਬਣ ਜਾਂਦੇ ਹਨ। ਰੋਗੀ ਬੂਟੇ ਦੀਆਂ ਛੋਟੀਆਂ ਜੜ੍ਹਾਂ ਗਲੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਇਹ ਰੋਗ ਗੋਲ ਦਾਇਰਿਆਂ/ਧੋੜੀਆਂ ਦੇ ਰੂਪ 'ਚ ਫ਼ੈਲਦਾ ਹੈ। ਇਸ ਦਾ ਹਮਲਾ ਦੇਸੀ ਕਪਾਹ ਤੇ ਨਰਮਾ ਦੋਵਾਂ 'ਤੇ ਨਜ਼ਰ ਆਉਂਦਾ ਹੈ। ਇਸ ਰੋਗ ਤੋਂ ਪ੍ਰਭਾਵਿਤ ਖੇਤਾਂ ਵਿਚ 3-4 ਸਾਲ ਲਈ ਫ਼ਸਲੀ ਚੱਕਰ ਬਦਲ ਦਿਓ।*





### ਦੇਸੀ ਕਪਾਹ ਦਾ ਸੋਕੜਾ ਰੋਗ

*ਇਸ ਰੋਗ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਜੋ ਬਾਅਦ ਵਿਚ ਭੂਰੇ ਹੋ ਕੇ ਡਿੱਗ ਪੈਂਦੇ ਹਨ। ਇਹ ਰੋਗ ਪੱਤਿਆਂ ਦੇ ਕੰਢਿਆਂ ਤੋਂ ਸ਼ੁਰੂ ਹੋ ਕੇ ਵਿਚਕਾਰਲੀ ਨਾੜ ਵੱਲ ਵਧਦਾ ਹੈ। ਪਹਿਲਾਂ ਇਸ ਰੋਗ ਦਾ ਅਸਰ ਪੁਰਾਣੇ ਪੱਤਿਆਂ 'ਤੇ ਪੈਂਦਾ ਹੈ ਤੇ ਬਾਅਦ ਵਿਚ ਨਵੇਂ ਪੱਤੇ ਵੀ ਇਸ ਦੀ ਮਾਰ ਹੇਠ ਆ ਜਾਂਦੇ ਹਨ। ਰੋਗ ਨਾਲ ਪ੍ਰਭਾਵਿਤ ਬੂਟੇ ਕੁਮਲਾਅ ਜਾਂਦੇ ਹਨ ਤੇ ਕਈ ਵਾਰ ਬੂਟੇ ਦਾ ਇਕ ਪਾਸਾ ਮਾਰਿਆ ਜਾਂਦਾ ਹੈ ਤੇ ਦੂਸਰਾ ਪਾਸਾ ਤੰਦਰੁਸਤ ਰਹਿੰਦਾ ਹੈ। ਇਸ ਰੋਗ ਦੀ ਉੱਲੀ ਬੂਟਿਆਂ ਦੀਆਂ ਜੜ੍ਹਾਂ ਰਾਹੀਂ ਹਮਲਾ ਕਰਦੀ ਹੈ, ਜਿਸ ਕਰਕੇ ਬੂਟੇ ਦੀਆਂ ਖ਼ੁਰਾਕ ਤੇ ਪਾਣੀ ਪ੍ਰਾਪਤ ਕਰਨ ਵਾਲੀਆਂ ਨਾੜਾਂ ਪ੍ਰਭਾਵਿਤ ਹੋ ਜਾਂਦੀਆਂ ਹਨ। ਪਾਣੀ ਦੀ ਘਾਟ ਕਾਰਨ ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ। ਦੇਸੀ ਕਪਾਹ ਦੇ ਬੀਜ ਦੀ ਸੁਧਾਈ 2 ਗ੍ਰਾਮ ਡੈਰੋਸਿਲ ਜਾਂ ਬਾਵਿਸਟਨ ਪ੍ਰਤੀ ਕਿੱਲੋ ਨਾਲ ਕਰਕੇ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਦੇਸੀ ਕਪਾਹ ਦੀਆਂ ਕਿਸਮਾਂ ਐੱਲਡੀ-949 ਤੇ ਐੱਲਡੀ-327 ਇਸ ਰੋਗ ਦਾ ਟਾਕਰਾ ਕਰ ਸਕਦੀਆਂ ਹਨ। ਰੋਗੀ ਖੇਤਾਂ ਵਿਚ 5-6 ਸਾਲਾਂ ਲਈ ਕਪਾਹ ਦੀ ਫ਼ਸਲ ਨਾ ਬੀਜੋ। ਇਨ੍ਹਾਂ ਖੇਤਾਂ ਵਿਚ ਨਰਮੇ ਦੀ ਕਾਸ਼ਤ ਕਰੋ ਕਿਉਂਕਿ ਇਹ ਰੋਗ ਨਰਮੇ 'ਤੇ ਨਹੀਂ ਲੱਗਦਾ। ਇਸ ਤੋਂ ਇਲਾਵਾ ਰੋਗ ਨਾਲ ਪ੍ਰਭਾਵਿਤ ਬੂਟਿਆਂ ਦੀਆਂ ਛਿਟੀਆਂ ਨੂੰ ਪੁੱਟ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ।*



ਕੌਮੀ ਪੱਤ੍ਰਿਕਾ

## ਸੰਪਾਦਕੀ

### 16 ਮਿਸ਼ਰਤ ਦਵਾਈਆਂ 'ਤੇ ਪਾਬੰਦੀ ਸੁਰੱਖਿਅਤ ਬਣਾਉਣ ਵੱਲ ਵੱਡਾ ਕਦਮ

ਦੇਸ਼ ਵਿਚ ਸਰਕਾਰ ਵੱਲੋਂ 16 ਮਿਸ਼ਰਤ ਦਵਾਈਆਂ 'ਤੇ ਪਾਬੰਦੀ ਲਾਉਣਾ ਦਵਾਈਆਂ ਦੇ ਖੇਤਰ ਨੂੰ ਸਾਫ਼-ਸੁਥਰਾ ਅਤੇ ਸੁਰੱਖਿਅਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਸਰਕਾਰ ਦਾ ਇਹ ਫ਼ੈਸਲਾ ਮੈਡੀਕਲ ਵਿਗਿਆਨ ਦੇ ਉਸ ਅਸੂਲ ਨੂੰ ਸੱਚ ਸਾਬਤ ਕਰਦਾ ਹੈ ਜਿਸ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਕਿ 'ਹਰ ਵਾਰ ਜ਼ਿਆਦਾ ਦਵਾਈਆਂ ਖਾਣ ਨਾਲ ਬੀਮਾਰੀ ਠੀਕ ਨਹੀਂ ਹੁੰਦੀ'। ਮਿਸ਼ਰਤ ਦਵਾਈਆਂ ਯਾਨੀ ਫਿਕਸਡ-ਡੋਜ਼ ਕੰਬੀਨੇਸ਼ਨ ਉਹ ਦਵਾਈਆਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਦੋ ਜਾਂ ਦੋ ਤੋਂ ਵੱਧ ਤੱਤਾਂ (ਸਾਲਟ) ਨੂੰ ਮਿਲਾ ਕੇ ਇੱਕ ਗੋਲੀ ਜਾਂ ਪੀਣ ਵਾਲੀ ਦਵਾਈ ਬਣਦੀ ਹੈ। ਪੂਰੇ ਦੇਸ਼ ਵਿੱਚ ਇਨ੍ਹਾਂ ਦੀ ਵਰਤੋਂ ਬਹੁਤ ਵੱਡੇ ਪੱਧਰ 'ਤੇ ਹੁੰਦੀ ਹੈ। ਪਰ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਦਵਾਈਆਂ ਬਿਨਾਂ ਕਿਸੇ ਪੁਖ਼ਤਾ ਵਿਗਿਆਨਕ ਜਾਂਚ ਦੇ ਹੀ ਬਾਜ਼ਾਰ ਵਿੱਚ ਵਿਕ ਰਹੀਆਂ ਹਨ, ਜਿਨ੍ਹਾਂ ਦਾ ਮਕਸਦ ਮਰੀਜ਼ ਦਾ ਇਲਾਜ ਕਰਨਾ ਨਹੀਂ ਸਗੋਂ ਕੰਪਨੀਆਂ ਦਾ ਮੁਨਾਫ਼ਾ ਵਧਾਉਣਾ ਹੈ। ਸਰਕਾਰ ਨੇ ਇਹ ਸਾਫ਼ ਕਹਿ ਦਿੱਤਾ ਹੈ ਕਿ ਇਨ੍ਹਾਂ ਦਵਾਈਆਂ ਦਾ ਚਿਕਿਤਸਕ ਆਧਾਰ ਨਹੀਂ ਹੈ। ਇਸ ਫ਼ੈਸਲੇ ਨੇ ਇੱਕ ਕੌੜਾ ਸੱਚ ਸਾਹਮਣੇ ਲਿਆਂਦਾ ਹੈ ਕਿ ਬਾਜ਼ਾਰ ਵਿੱਚ ਮਿਲਣ ਵਾਲੀ ਹਰ ਦਵਾਈ ਸਿਹਤ ਲਈ ਸਹੀ ਜਾਂ ਸੁਰੱਖਿਅਤ ਹੋਵੇ, ਇਹ ਬਿਲਕੁਲ ਜ਼ਰੂਰੀ ਨਹੀਂ। ਸਰਕਾਰ ਦਾ ਇਹ ਸਖ਼ਤ ਫ਼ੈਸਲਾ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਹੋਈ ਜਾਂਚ ਅਤੇ ਡਰੱਗਜ਼ ਟੈਕਨੀਕਲ ਐਡਵਾਈਜ਼ਰੀ ਬੋਰਡ ਦੀ ਕਮੇਟੀ ਦੀ ਰਿਪੋਰਟ ਤੋਂ ਬਾਅਦ ਆਇਆ ਹੈ। ਭਾਰਤ ਨੇ ਪਹਿਲਾਂ ਵੀ ਅਜਿਹੀਆਂ ਸੈਂਕੜੇ ਗ਼ੈਰ-ਜ਼ਰੂਰੀ ਦਵਾਈਆਂ 'ਤੇ ਪਾਬੰਦੀ ਲਾਈ ਹੈ ਪਰ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਢਿੱਲ-ਮੱਠ ਕਾਰਨ ਇਹ ਦਵਾਈਆਂ ਬਾਜ਼ਾਰ ਵਿੱਚ ਲਗਾਤਾਰ ਵਿਕਦੀਆਂ ਰਹੀਆਂ। ਇਹ ਸਰਕਾਰੀ ਨਿਯਮਾਂ ਨੂੰ ਕਾਗਜ਼ਾਂ ਤੋਂ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿਚਾਲੇ ਵੱਡੇ ਪਾੜੇ ਨੂੰ ਜੱਗ-ਜ਼ਾਹਰ ਕਰਦਾ ਹੈ। ਇਸ ਵਾਰ ਪਾਬੰਦੀਸ਼ੁਦਾ ਦਵਾਈਆਂ ਦੀ ਸੂਚੀ ਵਿੱਚ ਐਂਟੀਬਾਇਓਟਿਕ ਦਵਾਈਆਂ ਨੂੰ ਸ਼ਾਮਲ ਕਰਨਾ ਬਹੁਤ ਅਹਿਮ ਕਦਮ ਹੈ। ਅੱਜ ਦੇ ਦੌਰ ਵਿੱਚ ਜਦੋਂ ਬੈਕਟੀਰੀਆ 'ਤੇ ਦਵਾਈਆਂ ਦਾ ਅਸਰ ਖ਼ਤਮ ਹੋਣ ਦਾ ਖ਼ਤਰਾ ਲਗਾਤਾਰ ਵਧ ਰਿਹਾ ਹੈ ਉੱਥੇ ਬਿਨਾਂ ਵਜ੍ਹਾ ਐਂਟੀਬਾਇਓਟਿਕ ਦਵਾਈਆਂ ਦੀ ਗ਼ਲਤ ਵਰਤੋਂ ਪੂਰੀ ਮਨੁੱਖਤਾ ਲਈ ਵੱਡਾ ਖ਼ਤਰਾ ਹੈ। ਇਸੇ ਤਰ੍ਹਾਂ ਚਮੜੀ ਦੇ ਰੋਗਾਂ ਅਤੇ ਦਰਦ ਨਿਵਾਰਕ ਦਵਾਈਆਂ ਦੇ ਗ਼ਲਤ ਮਿਸ਼ਰਨ ਵਾਲੇ ਫ਼ਾਰਮੂਲਿਆਂ 'ਤੇ ਰੋਕ ਲਾਉਣਾ ਇਹ ਦਰਸਾਉਂਦਾ ਹੈ ਕਿ ਹੁਣ ਸਿਰਫ਼ ਉਹੀ ਦਵਾਈਆਂ ਚੱਲਣਗੀਆਂ ਜਿਨ੍ਹਾਂ ਦਾ ਕੋਈ ਵਿਗਿਆਨਕ ਸਬੂਤ ਹੋਵੇਗਾ। ਪਰ ਅਸਲ ਇਮਤਿਹਾਨ ਇਹ ਹੋਵੇਗਾ ਕਿ ਕੀ ਇਹ ਸਖ਼ਤੀ ਹਸਪਤਾਲਾਂ ਵਿੱਚ ਪਰਚੀ ਲਿਖਣ ਵਾਲੇ ਡਾਕਟਰਾਂ ਤੇ ਪਿੰਡਾਂ-ਸ਼ਹਿਰਾਂ ਦੇ ਮੈਡੀਕਲ ਸਟੋਰਾਂ ਤੱਕ ਪਹੁੰਚਦੀ ਹੈ ਜਾਂ ਨਹੀਂ। ਖੰਘ ਦੇ ਸਿਰਪ ਅਤੇ ਬਿਨਾਂ ਪਰਚੀ ਵਿਕਣ ਵਾਲੀਆਂ ਦਵਾਈਆਂ 'ਤੇ ਸ਼ਿਕੰਜਾ ਕੱਸਣਾ ਇਹ ਸਾਫ਼ ਕਰਦਾ ਹੈ ਕਿ ਸਰਕਾਰ ਹੁਣ ਵੱਡੇ ਸੁਧਾਰਾਂ ਦੇ ਰੌਂਅ ਵਿੱਚ ਹੈ। ਇਨ੍ਹਾਂ ਕੋਸ਼ਿਸ਼ਾਂ ਦਾ ਇੱਕੋ-ਇੱਕ ਮਕਸਦ ਲੋਕਾਂ ਵੱਲੋਂ ਆਪਣੀ ਮਰਜ਼ੀ ਨਾਲ ਦਵਾਈਆਂ ਖਾਣ 'ਤੇ ਰੋਕ ਲਾਉਣਾ ਹੈ। ਜੇ ਇਹ ਪਾਬੰਦੀ ਜ਼ਮੀਨੀ ਪੱਧਰ 'ਤੇ ਪੂਰੀ ਸਖ਼ਤੀ ਨਾਲ ਲਾਗੂ ਹੁੰਦੀ ਹੈ ਤਾਂ ਭਾਰਤ ਵਿੱਚ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਰੁਕੇਗੀ। ਜੇਕਰ ਅਜਿਹਾ ਨਾ ਹੋਇਆ ਤਾਂ ਇਹ ਵਧੀਆ ਫ਼ੈਸਲਾ ਵੀ ਪਹਿਲਾਂ ਵਾਂਗ ਸਿਰਫ਼ ਕਾਗਜ਼ੀ ਦਾਅਵਾ ਬਣ ਕੇ ਰਹਿ ਜਾਵੇਗਾ।

## ਜੱਸੋਵਾਲ ਵਿਖੇ ਭਰੇ ਗਏ ਮਾਤਾ ਧੀਆਂ ਸਤਿਕਾਰ ਯੋਜਨਾ ਦੇ ਫਾਰਮ



ਮਾਛੀਵਾੜਾ ਸਾਹਿਬ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸੂਬੇ ਦੀਆਂ ਮਾਤਾਵਾਂ ਤੇ ਭੈਣਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕਰਦਿਆਂ ਮਾਤਾ ਧੀਆਂ ਸਤਿਕਾਰ ਯੋਜਨਾ ਦੇ ਫਾਰਮ ਭਰਨੇ ਸ਼ੁਰੂ ਹੋ ਚੁੱਕੇ ਹਨ।

ਜ਼ਿਲ੍ਹਾ ਕੁਆਰਡੀਨੇਟਰ ਜਗਤਾਰ ਸਿੰਘ ਜੱਸੋਵਾਲ ਨੇ ਦੱਸਿਆ ਕਿ ਇਸ ਸਕੀਮ ਤਹਿਤ ਪਿੰਡ ਜੱਸੋਵਾਲ ਵਿਖੇ 150 ਤੋ ਵੱਧ ਫਾਰਮ ਭਰੇ ਗਏ ਹਨ ਅਤੇ ਜਲਦ ਹੀ 1000/ਅਤੇ 1500/ਰੁਪਏ ਖਾਤਿਆਂ ਵਿੱਚ ਆ ਜਾਣਗੇ। ਪੰਜਾਬ ਸਰਕਾਰ ਅਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਦਿਸਾ ਨਿਰਦੇਸ਼ ਅਨੁਸਾਰ ਪਿੰਡ ਦੀ ਸਕੀਆ ਰਮਨਦੀਪ ਕੌਰ ਪਤਨੀ ਅਮਿਤਪਾਲ ਸਿੰਘ ਕਮਲੇਸ਼ ਕੌਰ ਪਤਨੀ ਸੁਖਵੰਤ ਸਿੰਘ ਫਾਰਮ ਭਰਨ ਦੀ ਸੇਵਾ ਕਰ ਰਹੀਆਂ ਹਨ।ਇਸ ਮੌਕੇ ਕਮਲਜੀਤ ਕੌਰ , ਜਸਵੀਰ ਕੌਰ,ਬਲਵਿੰਦਰ ਕੌਰ ,ਇੰਦਰਜੀਤ ਕੌਰ, ਹਰਜੀਤ ਕੌਰ, ਸ ?ਤਿਆ ਰਾਣੀ, ਸਤਿੰਦਰ ਕੌਰ, ਪੰਚ ਗੁਰਲੀਨ ਕੌਰ ਚੋਹਾਨ ਵੀ ਮੌਜੂਦ ਸਨ।

## ਡੇਰਾ ਬਾਬਾ ਦੇਸ ਆਲਮ ਫਤਿਹਗੜ੍ਹ ਗੁੱਜਰਾ ਵਿਖੇ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ



ਮਾਛੀਵਾੜਾ ਸਾਹਿਬ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਫਤਿਹਗੜ੍ਹ ਗੁਜਰਾਂ ਵਿਖੇ ਸਥਿਤ ਡੇਰਾ ਬਾਬਾ ਦੇਸ ਆਲਮ ਜੀ ਦੀ ਦਰਗਾਹ ਤੇ ਸਲਾਨਾ ਮੇਲਾ ਤੇ ਭੰਡਾਰਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਹਰਬੰਸ ਸਿੰਘ ਅਤੇ ਨੰਬਰਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਸਮੂਹ ਗ੍ਰਾਮ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਲਾਨਾ ਮੇਲੇ ਅਤੇ ਭੰਡਾਰੇ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਨੇ ਦਰਗਾਹ ਤੇ ਸਿਜਦਾ ਕੀਤਾ । ਉਹਨਾਂ ਦੱਸਿਆ ਕਿ ਸਵੇਰੇ ਝੰਡਾ ਤੇ ਦਰਗਾਹ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਪ੍ਰਸਿੱਧ ਕਲਾਕਾਰ ਪ੍ਰਦੀਪ ਮਾਨ ਅਤੇ ਹੋਰ ਕਲਾਕਾਰਾਂ ਵੱਲੋਂ ਦੁਪਹਿਰ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸੂਫੀਆਨਾ ਮਹਿਫਲ ਸਜਾਈ ਜਿਸ ਦਾ ਸੰਗਤਾਂ ਨੇ ਖ਼ੂਬ ਆਨੰਦ ਮਾਣਿਆ।

ਇਸ ਮੌਕੇ ਆਈਆਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਅਤੁੱਟ ਲੰਗਰ ਵੀ ਵਰਤਾਏ ਗਏ। ਇਸ ਮੌਕੇ ਪ੍ਰਬੰਧਕਾਂ ਵਿੱਚ ਬਲਾਕ ਸੰਮਤੀ ਮੈਂਬਰ ਬਿੰਦਰ ਸਿੰਘ, ਅਤੇ ਬੀਬੀਆਂ ਨੇ ਸੰਗਤਾਂ ਦੀ ਸ਼ਰਧਾ ਨਾਲ ਸੇਵਾ ਕੀਤੀ।

## ਰਾਜੂ ਖੰਨਾ ਨੇ ਅਮਲੋਹ 'ਚ ਬਿਜਲੀ ਸੰਕਟ ਨੂੰ ਲੈ ਕੇ ਆਪ ਸਰਕਾਰ ਨੂੰ ਘੇਰਿਆ, ਵੱਡੇ ਸੰਘਰਸ਼ ਦੀ ਚਿਤਾਵਨੀ




ਅਮਲੋਹ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਬਿਜਲੀ ਸਪਲਾਈ ਦੇ ਮਾਮਲੇ 'ਚ ਝੂਠ ਅਤੇ ਖੋਖਲੇ ਵਾਅਦੇ ਕਰਨ ਦਾ ਦੋਸ਼ ਲਾਇਆ। ਰਾਜੂ ਖੰਨਾ ਨੇ ਕਿਹਾ ਕਿ ਅਮਲੋਹ ਦੇ ਲੋਕ ਲੰਬੇ ਬਿਜਲੀ ਕੱਟਾਂ ਦੀ ਮਾਰ ਝੱਲ ਰਹੇ ਹਨ ਅਤੇ ਰੋਜ਼ਾਨਾ ਸਿਰਫ਼ 2-3 ਘੰਟੇ ਹੀ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ 8 ਘੰਟੇ ਬਿਜਲੀ ਦੇਣ ਦਾ ਦਾਅਵਾ ਕਰਦੇ ਹਨ, ਪਰ ਜ਼ਮੀਨੀ ਹਕੀਕਤ ਇਸ ਤੋਂ ਉਲਟ ਹੈ ਅਤੇ ਕਿਸਾਨਾਂ ਨੂੰ ਮਸਾਂ 2 ਘੰਟੇ ਹੀ ਬਿਜਲੀ ਨਸੀਬ ਹੋ ਰਹੀ ਹੈ ,ਅਕਾਲੀ ਆਗੂ ਨੇ ਕਿਹਾ ਕਿ ਘਰੇਲੂ ਖਪਤਕਾਰਾਂ ਦੀ ਹਾਲਤ ਤਾਂ ਹੋਰ ਵੀ ਮਾੜੀ ਹੈ, ਜਿੱਥੇ ਘਰਾਂ ਨੂੰ ਮਹਿਜ਼ 1 ਤੋਂ 2 ਘੰਟੇ ਹੀ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀਆਂ ਨਾਕਾਮੀਆਂ ਤੋਂ ਅੱਕੇ ਲੋਕਾਂ ਨੇ ਹੁਣ ਬਿਜਲੀ ਦਫ਼ਤਰਾਂ ਅਤੇ ਗਰਿੱਡਾਂ ਅੱਗੇ ਰੋਸ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ ਹਨ।ਰਾਜੂ ਖੰਨਾ ਨੇ ਕਿਸਾਨਾਂ ਨੂੰ 8 ਘੰਟੇ ਅਤੇ ਘਰੇਲੂ ਖਪਤਕਾਰਾਂ ਨੂੰ 24 ਘੰਟੇ ਬਿਜਲੀ ਦੇਣ ਦੇ ਆਪ ਸਰਕਾਰ ਦੇ ਦਾਅਵਿਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਲੋਕ ਸਾਰਾ ਦਿਨ ਮਿਹਨਤ ਕਰਨ ਮਗਰੋਂ ਜਦੋਂ ਘਰ ਪਰਤਦੇ ਹਨ ਤਾਂ ਉਨ੍ਹਾਂ ਨੂੰ ਹਨੇਰੇ ਅਤੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰਾਂ ਨੂੰ ਬਿਨਾਂ ਬਿਜਲੀ ਤੋਂ ਸਾਰੀਆਂ-ਸਾਰੀਆਂ ਰਾਤਾਂ ਕੱਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਝੋਨੇ ਦਾ ਸੀਜ਼ਨ ਪੂਰੇ ਜ਼ੋਰਾਂ 'ਤੇ ਹੋਣ ਦੇ ਬਾਵਜੂਦ ਬਿਜਲੀ ਦੀ ਘਾਟ ਕਾਰਨ ਕਿਸਾਨਾਂ ਨੂੰ ਖੇਤਾਂ ਨੂੰ ਪਾਣੀ ਲਾਉਣ ਲਈ ਜਨਰੇਟਰ ਚਲਾਉਣ 'ਤੇ ਵਾਧੂ ਪੈਸਾ ਖਰਚ ਕਰਨਾ ਪੈ ਰਿਹਾ ਹੈ।

ਰਾਜੂ ਖੰਨਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਆਉਣ ਵਾਲੇ ਦਿਨਾਂ 'ਚ ਆਪ ਸਰਕਾਰ ਬਿਜਲੀ ਸੰਕਟ ਹੱਲ ਕਰਨ ਅਤੇ ਲੋਕਾਂ ਨੂੰ 24 ਘੰਟੇ ਬਿਜਲੀ ਮੁਹੱਈਆ ਕਰਾਉਣ 'ਚ ਨਾਕਾਮ ਰਹੀ, ਤਾਂ ਸ਼੍ਰੋਮਣੀ ਅਕਾਲੀ ਦਲ ਲੋਕਾਂ ਅਤੇ ਕਿਸਾਨਾਂ ਨਾਲ ਮਿਲ ਕੇ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ਼ ਵੱਡਾ ਸੰਘਰਸ਼ ਵਿੱਢੇਗਾ।

ਆਪ ਸਰਕਾਰ 'ਤੇ ਤੰਜ ਕੱਸਦਿਆਂ ਅਕਾਲੀ ਆਗੂ ਨੇ ਯਾਦ ਕਰਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਨੂੰ ਬਿਜਲੀ ਪੱਖੋਂ ਸਰਪਲੱਸ ਬਣਾਇਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਆਪ ਦੇ ਸੱਤਾ 'ਚ ਆਉਣ ਤੋਂ ਬਾਅਦ ਸੂਬੇ ਦਾ ਬਿਜਲੀ ਢਾਂਚਾ ਯੋਜਨਾਬੱਧ ਢੰਗ ਨਾਲ ਤਬਾਹ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਧਦੀ ਮੰਗ ਪੂਰੀ ਕਰਨ ਲਈ ਨਵੇਂ ਥਰਮਲ ਪਲਾਂਟ ਲਾਉਣ ਦੀ ਥਾਂ ਸਰਕਾਰ ਨੇ ਪੁਰਾਣੇ ਥਰਮਲ ਪਲਾਂਟ ਬੰਦ ਕਰ ਦਿੱਤੇ, ਜਿਸ ਨਾਲ ਪੰਜਾਬ ਦੇ ਲੋਕ ਮੁਸੀਬਤ ਅਤੇ ਹਨੇਰੇ 'ਚ ਧੱਕੇ ਜਾ ਰਹੇ ਹਨ।ਰਾਜੂ ਖੰਨਾ ਨੇ ਕਿਹਾ ਕਿ ਆਪ ਸਰਕਾਰ ਦੇ ਬਿਜਲੀ ਸੰਬੰਧੀ ਵੱਡੇ-ਵੱਡੇ ਦਾਅਵੇ ਜਨਤਾ ਸਾਹਮਣੇ ਨੰਗੇ ਹੋ ਚੁੱਕੇ ਹਨ ਅਤੇ ਅਮਲੋਹ ਸਮੇਤ ਸਮੁੱਚੇ ਪੰਜਾਬ ਦੇ ਲੋਕ ਹੁਣ ਚੋਣਾਂ ਸਮੇਂ ਕੀਤੇ ਵਾਅਦਿਆਂ ਅਤੇ ਜ਼ਮੀਨੀ ਹਕੀਕਤ ਵਿਚਲਾ ਫਰਕ ਦੇਖ ਰਹੇ ਹਨ।ਅਕਾਲੀ ਆਗੂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਰ ਮੰਚ 'ਤੇ ਬਿਜਲੀ ਸੰਕਟ ਦਾ ਮੁੱਦਾ ਚੁੱਕਦੀ ਰਹੇਗੀ ਅਤੇ ਆਪ ਸਰਕਾਰ ਨੂੰ ਆਪਣੀਆਂ ਨਾਕਾਮੀਆਂ ਦੀ ਜਵਾਬਦੇਹੀ ਤੋਂ ਬਚਣ ਨਹੀਂ ਦਿੱਤਾ ਜਾਵੇਗਾ।

ਇਸ ਗੱਲਬਾਤ ਸਮੇਂ ਉਹਨਾਂ ਨਾਲ ਜਥੇਦਾਰ ਕੁਲਦੀਪ ਸਿੰਘ ਮਛਰਾਈ, ਕੈਪਟਨ ਜਸਵੰਤ ਸਿੰਘ ਬਾਜਵਾ,ਜਥੇਦਾਰ ਹਰਬੰਸ ਸਿੰਘ ਬਡਾਲੀ,ਭਿੰਦਰ ਸਿੰਘ ਮੰਡੀ, ਯੂਥ ਆਗੂ ਕੰਵਲਜੀਤ ਸਿੰਘ ਗਿੱਲ,ਜਥੇਦਾਰ ਹਰਿੰਦਰ ਸਿੰਘ ਦੀਵਾ,ਜਥੇਦਾਰ ਜਰਨੈਲ ਸਿੰਘ ਮਾਜਰੀ, ਇੰਦਰਜੀਤ ਸਿੰਘ ਚਤੁਰਪੁਰਾ, ਗੁਰਦੀਪ ਸਿੰਘ ਬੱਬੀ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ,ਰੇਸ਼ਮ ਸਿੰਘ ਵਿਰਕ,ਡਾ ਜਸਵੰਤ ਸਿੰਘ ਅਲਾਦਾਦਪੁਰ,ਪਾਲ ਸਿੰਘ ਖੁੰਮਣਾ, ਸ਼ਿੰਦਰਪਾਲ ਸਿੰਘ ਜਮਲਾ,ਮੋਹਣ ਸਿੰਘ ਧਰਮਗੜ੍ਹ,ਆਦਿ ਮੌਜੂਦ ਸਨ।

**12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸਿਹਤ ਮੰਤਰੀ ਨੇ ਪਟਿਆਲਾ ਵਿਖੇ ਰਾਜ ਪੱਧਰੀ ਸਮਾਗਮ ਵਿੱਚ ਹਜ਼ਾਰਾਂ ਲੋਕਾਂ ਨਾਲ ਕੀਤਾ ਯੋਗਾ**

## 'ਸੀਐਮ ਦੀ ਯੋਗਸ਼ਾਲਾ' ਨੇ ਪੰਜਾਬ ਦੇ ਲੋਕਾਂ ਦੀ ਜੀਵਨ ਸ਼ੈਲੀ ਬਦਲੀ : ਡਾ. ਬਲਬੀਰ ਸਿੰਘ



ਪਟਿਆਲਾ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਵਾਸਥ ਉਮਰ ਲਈ ਯੋਗਾ ਥੀਮ ਤਹਿਤ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਅੱਜ ਪਟਿਆਲਾ ਦੇ ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਵਿਖੇ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਹਜ਼ਾਰਾਂ ਪਟਿਆਲਾ ਵਾਸੀਆਂ ਨਾਲ ਸਮੂਹਿਕ ਯੋਗ ਅਭਿਆਸ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਸੀਐਮ ਦੀ ਯੋਗਸ਼ਾਲਾ' ਪਹਿਲਕਦਮੀ ਨੇ ਪੰਜਾਬ ਦੇ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ 1400 ਤੋਂ ਵੱਧ ਯੋਗਾ ਟ੍ਰੇਨਰਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜੋ ਅੱਜ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕਾਂ ਨੂੰ ਯੋਗਾ ਸਿਖਾ ਕੇ ਤੰਦਰੁਸਤ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਰਹੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਯੋਗਾ ਸਿਰਫ਼ ਸਰੀਰਕ ਕਸਰਤ ਨਹੀਂ, ਸਗੋਂ ਮਨ, ਸਰੀਰ ਅਤੇ ਆਤਮਾ ਨੂੰ ਸੰਤੁਲਿਤ ਕਰਨ ਦੀ ਇੱਕ ਅੰਦਰੂਨੀ ਯਾਤਰਾ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਮਨ, ਸ਼ੁੱਧ ਆਹਾਰ ਅਤੇ ਨਿਯਮਿਤ ਯੋਗਾ ਹੀ ਸਿਹਤਮੰਦ ਜੀਵਨ ਦੀ ਬੁਨਿਆਦ ਹਨ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਯੋਗਾ ਨੂੰ ਆਪਣੀ ਰੋਜ਼ਾਨਾ ਦੀ ਦਿਨਚਰਿਆ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਬਿਮਾਰੀਆਂ ਤੋਂ ਬਚਾਅ ਦੇ ਨਾਲ-ਨਾਲ ਮਾਨਸਿਕ ਸ਼ਾਂਤੀ ਵੀ ਪ੍ਰਾਪਤ ਹੋ ਸਕੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਅੱਜ ਪਟਿਆਲਾ ਵਿਖੇ ਹੋਏ ਇਸ ਰਾਜ ਪੱਧਰੀ ਸਮੂਹਿਕ ਯੋਗਾ ਸਮਾਗਮ ਵਿੱਚ ਲੋਕਾਂ ਦਾ ਭਾਰੀ ਉਤਸ਼ਾਹ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬ ਦੇ ਲੋਕ ਯੋਗਾ ਨੂੰ ਅਪਣਾ ਰਹੇ ਹਨ ਅਤੇ 'ਸੀਐਮ ਦੀ ਯੋਗਸ਼ਾਲਾ' ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਨੂੰ ਰੋਜ਼ਾਨਾ ਯੋਗਾ ਕਰਨ ਦੀ ਪ੍ਰੇਰਣਾ ਦਿੰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਸਰੀਰਕ ਤੰਦਰੁਸਤੀ, ਮਾਨਸਿਕ ਇਕਾਗਰਤਾ ਅਤੇ ਬਿਹਤਰ ਭਵਿੱਖ ਲਈ ਬਹੁਤ ਲਾਭਦਾਇਕ ਹੈ।

ਆਯੁਰਵੇਦ ਵਿਭਾਗ ਦੇ ਡਾਇਰੈਕਟਰ ਡਾ. ਰਮਨ ਖੰਨਾ ਨੇ ਸਮਾਗਮ ਵਿੱਚ ਪੁੱਜੀਆਂ ਸ਼ਖ਼ਸੀਅਤਾਂ ਅਤੇ ਭਾਗੀਦਾਰਾਂ ਦਾ ਸਵਾਗਤ ਕਰਦਿਆਂ ਇਸ ਸਾਲ ਦੇ ਅੰਤਰਰਾਸ਼ਟਰੀ ਯੋਗ ਦਿਵਸ ਦੀ ਥੀਮ ਸਵਾਸਥ ਉਮਰ ਲਈ ਯੋਗਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਯੋਗਾ ਨੂੰ ਸਿਹਤਮੰਦ ਜੀਵਨ ਦਾ ਅਟੁੱਟ ਹਿੱਸਾ ਬਣਾਉਣ ਦਾ ਸੱਦਾ ਦਿੱਤਾ।

ਇਸ ਮੌਕੇ ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਅਫ਼ਸਰ ਡਾ ਮੋਹਨ ਕੌਸ਼ਲ ਦੀ ਅਗਵਾਈ 'ਚ ਏ ਐਮ ਓ ਡਾ. ਯੋਗੇਸ਼ ਭਾਟੀਆ, ਡਾ. ਰਾਜਨੀਸ਼ ਵਰਮਾ, ਡਾ ਅਮਨਦੀਪ ਕੌਰ, ਡਾ ਪੂਜਾ ਅਰੋੜਾ, ਡਾ. ਵਿਸ਼ਾਲ, ਉਪਵੈਦ ਡਾ. ਗੋਲਡੀ, ਸੀਨੀਅਰ ਮੈਡੀਕਲ ਫਿਜ਼ੀਸ਼ੀਅਨ ਡਾ. ਅਨੂ ਸ਼ਾਰਦਾ, ਡਾ ਸਚਿਨ, ਮੋਹਿਤ ਰਿਸ਼ੀ, ਉਪਵੈਦ ਡਾ. ਪ੍ਰੀਤੀ, ਡਾ. ਸੋਨੂ, ਯੋਗਾ ਇੰਸਟਰਕਟਰ ਜੁਝਾਰ ਸਿੰਘ, ਜਸ਼ਨਜੋਤ ਕੌਰ ਸਮੇਤ ਸਮੁਚੀ ਆਯੂਸ਼ ਟੀਮ ਨੇ ਯੋਗਾ ਕਰਵਾਇਆ।

ਇਸ ਮੌਕੇ ਯੋਗਾ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਸਿਉਨਾ ਤੇ ਮਲਟੀਪਰਪਜ਼ ਸਕੂਲਾਂ ਦੇ ਰਾਸ਼ਟਰੀ ਚੈਂਪੀਅਨ ਵਿਦਿਆਰਥੀਆਂ ਦਾ ਵੀ ਸਨਮਾਨ ਕੀਤਾ ਗਿਆ। ਇਸ ਦੌਰਾਨ ਜੰਗਲਾਤ ਵਿਭਾਗ ਵੱਲੋਂ ਲੋਕਾਂ ਨੂੰ ਬੂਟੇ ਵੀ ਵੰਡੇ ਗਏ। ਵਿਦਿਆਰਥੀਆਂ ਨੇ ਅਪਣੇ ਲਚਕੀਲੇ ਸਰੀਰ ਦਾ ਪ੍ਰਦਰਸ਼ਨ ਕਰਦਿਆਂ ਕਈ ਔਖੀਆਂ ਯੋਗ ਕਿਰਿਆਵਾਂ ਕਰਕੇ ਲੋਕਾਂ ਨੂੰ ਯੋਗਾ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਜਸਬੀਰ ਸਿੰਘ ਗਾਂਧੀ, ਏਡੀਸੀ ਅਨੁਪ੍ਰਿਤਾ ਜੌਹਲ, ਸਹਾਇਕ ਕਮਿਸ਼ਨਰ ਹਰਜੋਤ ਕੌਰ, ਸਿਵਲ ਸਰਜਨ ਡਾ. ਸ਼ੈਲੀ ਜੇਤਲੀ, ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ, ਬਾਗਬਾਨੀ ਦੇ ਸਹਾਇਕ ਡਾਇਰੈਕਟਰ ਹਰਿੰਦਰਪਾਲ ਸਿੰਘ, ਸੀਨੀਅਰ ਸੁਪਰਿੰਟੈਂਡੈਂਟ ਰਾਕੇਸ਼ ਸ਼ਰਮਾ, ਸੁਪਰਿੰਟੈਂਡੈਂਟ ਮੋਹਨ, ਸੀਨੀਅਰ ਮੈਡੀਕਲ ਫਿਜ਼ੀਸ਼ੀਅਨ ਡਾ. ਅਨੂ ਸ਼ਾਰਦਾ, ਉਪਵੈਦ ਡਾ. ਪ੍ਰੀਤੀ, ਡਾ. ਸੋਨੂ, ਯੋਗਾ ਇੰਸਟਰਕਟਰ ਜੁਝਾਰ ਸਿੰਘ ਤੇ ਜਸ਼ਨਜੋਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਪਟਿਆਲਾ ਵਾਸੀ, ਸੀਐਮ ਦੀ ਯੋਗਸ਼ਾਲਾ ਨਾਲ ਜੁੜੇ ਯੋਗ ਸਾਧਕ, ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ, ਆਯੂਸ਼ ਵਿਭਾਗ ਦੇ ਅਧਿਕਾਰੀ ਅਤੇ ਡਾਕਟਰ ਹਾਜ਼ਰ ਸਨ।

## ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਕੈਂਪਸ ਵਿਖੇ ਅੰਤਰਰਾਸਟਰੀ ਯੋਗ ਦਿਵਸ ਮਨਾਇਆ



ਪਟਿਆਲਾ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅੱਜ ਇੱਥੇ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਯੂਨੀਵਰਸਿਟੀ ਮਾਡਲ ਸਕੂਲ ਦੇ ਵਿਦਿਆਰਥੀਆਂ ਅਤੇ ਫਿਜੀਕਲ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸਵੇਰੇ ਸਰੀਰਕ ਸਿੱਖਿਆ ਵਿਭਾਗ ਵਿਖੇ ਵੱਖ—ਵੱਖ ਯੋਗਾ ਆਸਣ ਕੀਤੇ ਗਏ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮਾਣਯੋਗ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਜੀ ਨੇ ਸ਼ਿਰਕਤ ਕੀਤੀ ਅਤੇ ਡਾ. ਅਮਰਪ੍ਰੀਤ ਸਿੰਘ ਜੀ ਦੁਆਰਾ ਮਹਿਮਾਨ ਵਾਈਸ-ਚਾਂਸਲਰ ਅਤੇ ਪ੍ਰਤੀਭਾਗੀਆਂ ਦਾ ਸਵਾਗਤ ਕੀਤਾ ਗਿਆ। ਮੰਚ ਦਾ ਸੰਚਾਲਨ ਕਰਦੇ ਹੋਏ ਯੋਗਾ ਆਚਾਰਿਆ ਸ. ਪਰਵਿੰਦਰ ਸਿੰਘ ਜੀ ਨੇ ਯੋਗਾ ਦੀ ਆਧੁਨਿਕ ਜੀਵਨ ਵਿੱਚ ਮਹੱਤਤਾ ਅਤੇ ਯੋਗਾ ਦੇ ਅਭਿਆਸ ਨੂੰ ਕਰਨ ਦੇ ਤਰੀਕਿਆਂ ਬਾਰੇ ਯੋਗਾ ਵਿਦਿਆਰਥੀਆਂ ਅਤੇ ਹੋਰ ਪ੍ਰਤੀਭਾਗੀ ਜੀਵਨ ਵਿੱਚ ਕਿਸ ਤਰ੍ਹਾਂ ਅਪਣਾਇਆ ਜਾ ਸਕਦਾ ਹੈ ਬਾਰੇ ਉਨ੍ਹਾਂ ਨੇ AYUSH ਵਿਭਾਗ ਵੱਲੋਂ ਜਾਰੀ ਕੀਤੇ ਪ੍ਰੋਟੋਕੋਲ ਅਨੁਸਾਰ ਹੋਈਆਂ ਕਿਰਿਆਵਾਂ ਨੂੰ ਕਰਵਾਇਆ। ਇਸ ਮੌਕੇ ਬੋਲਦਿਆਂ ਡਾ: ਅਮਰਪ੍ਰੀਤ ਸਿੰਘ ਨੇ ਕਿਹਾ ਕਿ ਸਿਹਤਮੰਦ, ਸੰਪੂਰਨ ਅਤੇ ਲੰਬੀ ਉਮਰ ਜਿਊਣ ਲਈ ਹਰੇਕ ਵਿਅਕਤੀ ਖਾਸ ਕਰਕੇ ਵਿਦਿਆਰਥੀਆਂ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਯੋਗਾ ਨੂੰ ਅਪਨਾਉਣਾ ਚਾਹੀਦਾ ਹੈ।

ਇਸ ਮੌਕੇ ਉੱਤੇ ਮਾਣਯੋਗ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਵੱਲੋਂ ਇਸ ਸਾਰੇ ਸਮਾਗਮ ਦੀ ਸ਼ਲਾਘਾ ਕੀਤੀ ਗਈ ਅਤੇ ਕਿਹਾ ਕਿ ਯੋਗਾ ਕੈਂਪ ਵਿੱਚ ਪਰਪਕਤਾ ਲਿਆਉਣ ਦੀ ਲੋੜ ਹੈ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ 12ਵੇਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।

ਸਮਾਗਮ ਵਿੱਚ ਸਕੂਲ ਦੇ ਪ੍ਰਿੰਸੀਪਲ ਸ. ਸਤਵੀਰ ਸਿੰਘ ਗਿੱਲ ਅਤੇ ਬਹੁਤ ਸਾਰੇ ਯੂਨੀਵਰਸਿਟੀ ਦੀਆਂ ਸਖਸ਼ੀਅਤਾਂ ਨੇ ਵੀ ਸਮੂਲੀਅਤ ਕੀਤੀ। ਪ੍ਰਿੰਸੀਪਲ ਸ. ਸਤਵੀਰ ਸਿੰਘ ਗਿੱਲ ਵੱਲੋਂ ਮਾਣਯੋਗ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ, ਫਿਜੀਕਲ ਐਜੂਕੇਸ਼ਨ ਵਿਭਾਗ ਦੇ ਮੁੱਖੀ ਡਾ: ਅਮਰਪ੍ਰੀਤ ਸਿੰਘ ਯੋਗਾ ਟ੍ਰੇਨਰ ਸ੍ਰੀ ਪਰਵਿੰਦਰ ਸਿੰਘ ਸਮੇਤ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## ਚੰਡੀਗੜ੍ਹ ਨੇ ਪੀਐੱਮ -ਕਿਸਾਨ ਉਤਸਵ ਦਿਵਸ ਮਨਾਇਆ; ਕਿਸਾਨ ਨੂੰ ਟਿਕਾਊ ਖੇਤੀਬਾੜੀ ਅਤੇ ਵਿੱਤੀ ਲਾਭਾਂ ਪ੍ਰਤੀ ਜਾਗਰੂਕ ਕੀਤਾ ਗਿਆ



ਚੰਡੀਗੜ੍ਹ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਵਿਭਾਗ, ਯੂ.ਟੀ. ਚੰਡੀਗੜ੍ਹ ਨੇ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਅੱਜ ਪੀਐੱਮ-ਕਿਸਾਨ ਯੋਜਨਾ ਦੀ 23ਵੀਂ ਕਿਸ਼ਤ ਜਾਰੀ ਹੋਣ ਦੇ ਅਵਸਰ 'ਤੇ ਪੀਐੱਮ- ਕਿਸਾਨ ਉਤਸਵ ਦਿਵਸ ਮਨਾਇਆ। ਇਹ ਸਮਾਗਮ ਸ਼ਹਿਰ ਦੇ ਤਿੰਨ ਪ੍ਰਮੁੱਖ ਸਥਾਨਾਂ - ਧਨਾਸ,ਮਨੀਮਾਜਰਾ ਅਤੇ ਹੱਲੋਮਾਜਰਾ ਸਥਿਤ ਸਰਕਾਰੀ ਪਸ਼ੂ ਹਸਪਤਾਲਾਂ ਵਿੱਚ ਇੱਕੋ ਸਮੇਂ ਆਯੋਜਿਤ ਕੀਤਾ ਗਿਆ ਤਾਕਿ ਅਧਿਕ ਤੋਂ ਅਧਿਕ ਕਿਸਾਨਾਂ ਦੀ ਭਾਗੀਦਾਰੀ ਸੁਨਿਸ਼ਚਿਤ ਕੀਤੀ ਜਾ ਸਕੇ।

ਇਸ ਆਯੋਜਨ ਦਾ ਮੁੱਖ ਉਦੇਸ਼ ਪੀਐੱਮ-ਕਿਸਾਨ ਉਤਸਵ ਦਿਵਸ ਮਨਾਉਣਾ ਅਤੇ ਮਾਣਯੋਗ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਪ੍ਰੋਗਰਾਮ ਦੇ ਲਾਇਵ ਵੈੱਬਕਾਸਟ ਦਾ ਪ੍ਰਸਾਰਣ ਕਰਨਾ ਸੀ। ਇਸ ਪ੍ਰਸਾਰਣ ਦੇ ਜ਼ਰੀਏ ਸਥਾਨਕ ਕਿਸਾਨਾਂ ਨੇ ਪੀਐੱਮ-ਕਿਸਾਨ ਯੋਜਨਾ ਦੀ 23ਵੀਂ ਕਿਸ਼ਤ ਦੀ ਪ੍ਰਤੱਖ ਜਾਰੀ ਪ੍ਰਕਿਰਿਆ ਨੂੰ ਦੇਖਿਆ ਅਤੇ ਰਾਸ਼ਟਰੀ ਕਿਸਾਨ ਕਲਿਆਣ ਪ੍ਰੋਗਰਾਮ ਨਾਲ ਜੁੜਾਅ ਮਹਿਸੂਸ ਕੀਤਾ।

ਸਮਾਗਮ ਦੇ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਿਸਾਨਾਂ ਨੂੰ ਪੀਐੱਮ-ਕਿਸਾਨ ਯੋਜਨਾ ਨਾਲ ਸਬੰਧਿਤ ਵਿਭਿੰਨ ਸੇਵਾਵਾਂ ਬਾਰੇ ਜਾਗਰੂਕ ਕੀਤਾ ਅਤੇ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ। ਵਿਭਾਗਾਂ ਨੇ ਲਾਭਾਰਥੀਆਂ ਦੇ ਤਸਦੀਕ ਕਰਨ, ਈ-ਕੇਵਾਈਸੀ ਪੂਰਾ ਕਰਵਾਉਣ, ਰਿਕਾਰਡ ਵਿੱਚ ਤਰੁਟੀ ਸੁਧਾਰ, ਸ਼ਿਕਾਇਤ ਨਿਵਾਰਣ ਅਤੇ ਪਾਤਰ ਨਵੇਂ ਲਾਭਾਰਥੀਆਂ ਦੀ ਰਜਿਸਟ੍ਰੇਸ਼ਨ ਹਿਤ ਮੌਕੇ 'ਤੇ ਹੀ ਸਹਾਇਤਾ ਉਪਲਬਧ ਕਰਵਾਈ ਗਈ।

ਇਸ ਤੋਂ ਇਲਾਵਾ ਕਿਸਾਨਾਂ ਨੂੰ ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਭਾਗ ਦੁਆਰਾ ਉਨ੍ਹਾਂ ਦੀ ਅਤਿਰਿਕਤ ਆਮਦਨ ਵਧਾਉਣ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਵਿਭਿੰਨ ਸੁਵਿਧਾਵਾਂ, ਸੰਸਾਧਨਾਂ ਅਤੇ ਸਹਾਇਤਾ ਯੋਜਨਾਵਾਂ ਦੀ ਜਾਣਕਾਰੀ ਵੀ ਦਿੱਤੀ ਗਈ।

ਸਮਾਗਮ ਦੇ ਦੌਰਾਨ ਖੇਤ ਬਚਾਓ ਅਭਿਯਾਨ ਦੇ ਤਹਿਤ ਜਾਗਰੂਕਤਾ ਸੈਸ਼ਨ ਵੀ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਖਾਦਾਂ ਦੇ ਸੰਤੁਲਿਤ ਅਤੇ ਵਿਵੇਕਪੂਰਨ ਉਪਯੋਗ, ਜੈਵ-ਖਾਦਾਂ, ਨੈਨੋ ਖਾਦਾਂ, ਜੈਵਿਕ ਖਾਦ, ਹਰੀ ਖਾਦ ਅਤੇ ਏਕੀਕ੍ਰਿਤ ਪੋਸ਼ਕ ਤੱਤ ਪ੍ਰਬੰਧਨ (ਆਈਐੱਨਐੱਮ/9©$) ਪੱਧਤੀਆਂ ਨੂੰ ਅਪਣਾਉਣ 'ਤੇ ਬਲ ਦਿੱਤਾ ਗਿਆ। ਕਿਸਾਨਾਂ ਨੂੰ ਮਿੱਟੀ ਦੀ ਸਿਹਤ ਵਿੱਚ ਸੁਧਾਰ ਅਤੇ ਖੇਤੀ ਲਾਗਤ ਘੱਟ ਕਰਨ ਲਈ ਟਿਕਾਊ ਅਤੇ ਜਲਵਾਯੂ-ਅਨੁਕੂਲ ਖੇਤੀ ਪੱਧਤੀਆਂ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।

ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਕਿ ਉਹ ਵਰਤਮਾਨ ਮਾਨਸੂਨ ਸੀਜ਼ਨ ਦੇ ਦੌਰਾਨ ਸਮੇਂ 'ਤੇ ਖੇਤੀਬਾੜੀ ਕਾਰਜਾਂ ਦੇ ਸੰਚਾਲਨ ਹਿਤ ਭਾਰਤੀ ਮੌਸਮ ਵਿਗਿਆਨ ਵਿਭਾਗ (ਆਈਐੱਮਡੀ/9$4) ਅਤੇ ਖੇਤੀਬਾੜੀ ਵਿਭਾਗ ਦੁਆਰਾ ਜਾਰੀ ਮੌਸਮ-ਅਧਾਰਿਤ ਸਲਾਹਾਂ ਦਾ ਨਿਯਮਿਤ ਤੌਰ 'ਤੇ ਪਾਲਨ ਕਰਨ।

ਇਹ ਸਫ਼ਲ ਆਯੋਜਨ ਵਿੱਚ ਖੇਤੀਬਾੜੀ ਵਿਭਾਗ ਅਤੇ ਪਸ਼ੂ ਪਾਲਣ ਤੇ ਮੱਛੀ ਪਾਲਣ ਵਿਭਾਗ ਦੇ ਅਧਿਕਾਰੀਆਂ, ਖੇਤਰੀ ਕਰਮਚਾਰੀਆਂ ਅਤੇ ਲਗਭਗ 77 ਕਿਸਾਨਾਂ ਨੇ ਸਰਗਰਮ ਭਾਗੀਦਾਰੀ ਕੀਤੀ।

## ਸੱਤ ਦਿਨਾਂ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ



ਹੁਸ਼ਿਆਰਪੁਰ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਮਾਹਿਲਪੁਰ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਮਾਹਿਲਪੁਰ (ਹੁਸ਼ਿਆਰਪੁਰ)ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ 150 ਸਕੂਲੀ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ 9 ਜੂਨ ਤੋਂ 15 ਜੂਨ 2026 ਤੱਕ ਗੁਰਮਤਿ ਸਿਖਲਾਈ ਕੈਂਪ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਭਾਈ ਹਰਬੰਸ ਸਿੰਘ ਸਰਹਾਲਾ ਖੁਰਦ ਅਤੇ ਜਗਜੀਤ ਸਿੰਘ ਗਣੇਸ਼ਪੁਰ ਨੇ ਦੱਸਿਆ ਕਿ ਕੈਂਪ ਦੀ ਆਰੰਭਤਾ ਗੁਰਦੁਆਰਾ ਸ਼ਹੀਦਾਂ ਲੱਧੇਵਾਲ ਮਾਹਿਲਪੁਰ ਤੋਂ ਚੱਲ ਕੇ ਗੁਰਦੁਆਰਾ ਕਪਾਲ ਮੋਚਨ ਅਤੇ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਕਿਲ੍ਹਾ ਲੋਹਗੜ੍ਹ ਦੀ ਯਾਤਰਾ ਨਾਲ ਹੋਈ। ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਮਾਣਮੱਤੇ ਇਤਿਹਾਸ ਤੋਂ ਵੀ ਜਾਣੂ ਕਰਵਾਇਆ ਗਿਆ।

ਗੁਰਦੁਆਰਾ ਪਾਉਂਟਾ ਸਾਹਿਬ ਪਹੁੰਚ ਕੇ ਕੈਂਪ ਦੇ ਪਹਿਲੇ ਦਿਨ ਬੀਬੀ ਗਗਨਦੀਪ ਕੌਰ ਖਾਲਸਾ ਜੀ ਨੇ ਸਾਕਾ ਪਾਉਂਟਾ ਸਾਹਿਬ ਅਤੇ ਭੰਗਾਣੀ ਦੇ ਯੁੱਧ ਦੇ ਇਤਿਹਾਸ ਨਾਲ ਵਿਦਿਆਰਥੀਆਂ ਨੂੰ ਰੂਬਰੂ ਕਰਵਾਇਆ, ਕੈਂਪ ਦੇ ਦੂਜੇ ਦਿਨ ਭਾਈ ਰਾਜਪਾਲ ਸਿੰਘ ਜੀ ਅੰਮ੍ਰਿਤਸਰ ਨੇ ਗੁਰਮਤਿ ਇਕ ਸਹਿਣਸੀਲਤਾ ਦਾ ਮਾਰਗ ਅਤੇ ਪੰਜਾਬੀ ਵਿਸ਼ਾ ਮਾਹਰ ਜਗਤਾਰ ਸਿੰਘ ਸੋਖੀ ਜੀ ਨੇ ਫਿਰੋਜ਼ਪੁਰ ਪੰਜਾਬੀ ਖੁਸ਼ਕੱਤ ਅਤੇ ਪੰਜਾਬੀ ਅੱਖਰਕਾਰੀ ਵਿਸ਼ਿਆਂ ਤੇ ਵਿਦਿਆਰਥੀਆਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਹੀ ਤਰ੍ਹਾਂ ਪੰਥ ਦੇ ਪ੍ਰਸਿੱਧ ਕਵੀ ਡਾਕਟਰ ਹਰੀ ਸਿੰਘ ਜਾਚਕ ਨੇ ਵਿਦਿਆਰਥੀਆਂ ਨੂੰ ਕਵਿਤਾ ਸਿਰਜਣ ਅਤੇ ਕਵਿਤਾ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਗੁਰਮਤਿ ਸਿਖਲਾਈ ਕੈਂਪ ਵਿੱਚ ਜਿੱਥੇ ਬੱਚਿਆਂ ਦੀਆਂ ਰੋਜਾਨਾ ਗੁਰਬਾਣੀ ਸੰਥਿਆ, ਦਸਤਾਰ ਸਿਖਲਾਈ ਅਤੇ ਸਿੱਖ ਮਾਰਸ਼ਲ ਆਰਟ ਗਤਕੇ ਦੀਆਂ ਕਲਾਸਾਂ ਲਗਵਾਈਆਂ ਗਈਆਂ ਉੱਥੇ ਹੀ ਵਿਦਵਾਨਾਂ ਵੱਲੋਂ ਗੁਰਬਾਣੀ ਸਿਧਾਂਤ, ਸਿੱਖ-ਇਤਿਹਾਸ, ਸਿੱਖ ਰਹਿਤ ਮਰਯਾਦਾ, ਗੁਰਮੀਤ ਕਾਵਿ ਪਰੰਪਰਾ, ਪੰਜਾਬੀ ਖੁਸ਼ਖ਼ਤ ਆਦਿ ਵੱਖ ਵੱਖ ਵਿਸ਼ਿਆਂ ਉੱਪਰ ਬੱਚਿਆਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਇਸ ਦੇ ਨਾਲ ਹੀ ਭਾਈ ਹਰਪ੍ਰੀਤ ਸਿੰਘ ਜਗਰਾਵਾਂ ਨੇ ਸ਼ਹੀਦ ਭਾਈ ਤਾਰਾਂ ਸਿੰਘ ਵਾਂ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਕੈਂਪ ਦੀ ਸਮਾਪਤੀ ਗੁਰਦੁਆਰਾ ਕਵੀ ਦਰਬਾਰ ਪਾਉਂਟਾ ਸਾਹਿਬ ਵਿਖੇ ਕੈਂਪ ਦੇ ਵਿਦਿਆਰਥੀਆਂ ਵਲੋਂ ਸ਼ਬਦ ਕੀਰਤਨ, ਕਵਿਤਾ, ਕਵਿਸ਼ਰੀ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਕੈਂਪ ਦੇ ਸੁਚੱਜੇ ਪ੍ਰਬੰਧ ਵਿੱਚ ਮੀਤ ਪ੍ਰਧਾਨ ਸਰਦਾਰ ਹਰਭਜਨ ਸਿੰਘ, ਮੈਨੇਜਰ ਸਰਦਾਰ ਜਗੀਰ ਸਿੰਘ, ਸੁਪਰਡੈਂਟ ਗੁਰਮੀਤ ਸਿੰਘ (ਸ਼੍ਰੀ ਪਾਉਂਟਾ ਸਾਹਿਬ ਪ੍ਰਬੰਧਕ ਕਮੇਟੀ) ਦਾ ਵਿਸ਼ੇਸ਼ ਯੋਗਦਾਨ ਰਿਹਾ। ਸਰਦਾਰ ਗੁਰਮੀਤ ਸਿੰਘ ਸੁਪਰਡੈਂਟ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਉਂਟਾ ਸਾਹਿਬ ਦੀ ਅਗਵਾਈ ਹੇਠ ਕੈਂਪ ਵਿੱਚ ਸ਼ਮੂਲੀਅਤ ਕਰਨ ਵਾਲੇ ਹਰ ਬੱਚੇ ਨੂੰ ਸਿਰਪਾਓ, ਪ੍ਰਸ਼ਾਦ ਅਤੇ ਗੁਰਮਤਿ ਲਿਟਰੇਚਰ ਨਾਲ ਸਨਮਾਨਿਤ ਕੀਤਾ ਗਿਆ ! ਇਸ ਸਮੇਂ ਭਾਈ ਹਰਬੰਸ ਸਿੰਘ ਸਰਹਾਲਾ ਖੁਰਦ, ਜਗਜੀਤ ਸਿੰਘ ਗਣੇਸ਼ਪੁਰ, ਮੈਡਮ ਸੁਰਿੰਦਰ ਕੌਰ ਖ਼ਾਲਸਾ, ਮੈਡਮ ਪਰਮਜੀਤ ਕੌਰ, ਮਨਦੀਪ ਕੌਰ, ਸੁਰਿੰਦਰ ਸਿੰਘ ਅਮਰੀਕ ਸਿੰਘ, ਮਨਮੀਤ ਸਿੰਘ ਪ੍ਰੋਫੈਸਰ ਕੁਲਦੀਪ ਸਿੰਘ, ਪ੍ਰੋਫੈਸਰ ਗੁਰਦੀਪ ਸਿੰਘ ਚੱਕ ਕਟਾਰੂ, ਪ੍ਰਾਚੀ, ਵਿਨੇ ਕੁਮਾਰ, ਰਾਜਵਿੰਦਰ ਕੌਰ, ਜਤਿੰਦਰ ਸਿੰਘ ਜੈਤਪੁਰ, ਦਸਤਾਰ ਕੋਚ ਸਰਬਜੀਤ ਸਿੰਘ ਸਾਬੀ, ਪਰਮਵੀਰ ਸਿੰਘ ਜੀ ਲਲੀਆਂ, ਗਗਨਦੀਪ ਸਿੰਘ ਜਿਆਣ, ਰਣਜੀਤ ਸਿੰਘ ਚੱਬੇਵਾਲ, ਬਲਬੀਰ ਸਿੰਘ ਮਨੌਲੀਆ, ਰਮਨਦੀਪ ਸਿੰਘ ਮਨੌਲੀਆ, ਮਨਪ੍ਰੀਤ ਸਿੰਘ ਭਾਰਟਾ, ਸਤਨਾਮ ਸਿੰਘ ਲਕਸੀਹਾਂ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਬਾਬਾ ਹਰਬੰਸ ਸਿੰਘ ਜੀ ਦੀ ਸੇਵਾ ਪ੍ਰੰਪਰਾ ਨੇ ਗੁਰਧਾਮਾਂ ਦੀ ਸ਼ਾਨ ਨੂੰ ਨਵੀਆਂ ਉਚਾਈਆਂ ਬਖ਼ਸ਼ੀਆਂ: ਹਰਮੀਤ ਸਿੰਘ ਕਾਲਕਾ



ਨਵੀਂ ਦਿੱਲੀ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਵਿਸ਼ੇਸ਼ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿੱਲੀ ਦੇ ਇਤਿਹਾਸਕ ਗੁਰਧਾਮਾਂ ਦੀ ਕਾਰ ਸੇਵਾ ਦੀ ਜ਼ਿੰਮੇਵਾਰੀ ਪੰਥ ਰਤਨ ਜਥੇਦਾਰ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪੇ ਜਾਣ ਦੇ 50 ਸਾਲ ਪੂਰੇ ਹੋਣ ਦੇ ਮੌਕੇ ਤੇ ਅੱਜ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਬੜੀ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਕਰਵਾਇਆ ਗਿਆ।ਸਰਦਾਰ ਕਾਲਕਾ ਨੇ ਕਿਹਾ ਕਿ ਬਾਬਾ ਹਰਬੰਸ ਸਿੰਘ ਜੀ ਵੱਲੋਂ ਆਰੰਭੀ ਗਈ ਨਿਸ਼ਕਾਮ ਸੇਵਾ ਦੀ ਪ੍ਰੰਪਰਾ ਨੇ ਨਾ ਸਿਰਫ਼ ਦਿੱਲੀ ਦੇ ਗੁਰਧਾਮਾਂ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ, ਸਗੋਂ ਸਿੱਖ ਪੰਥ ਨੂੰ ਸੇਵਾ, ਸਮਰਪਣ ਅਤੇ ਨਿਮਰਤਾ ਦਾ ਅਨਮੋਲ ਸੰਦੇਸ਼ ਵੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਬਾਬਾ ਹਰਬੰਸ ਸਿੰਘ ਜੀ ਵੱਲੋਂ ਕਾਰ ਵਿੱਚ ਗੁਰਧਾਮਾਂ ਦੀ ਸੁੰਦਰਤਾ, ਵਿਸਥਾਰ ਅਤੇ ਸ਼ਾਨ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਸਦਾ ਯਾਦ ਰੱਖਿਆ ਜਾਵੇਗਾ।ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸੰਗਤਾਂ ਨੇ ਗੁਰੂ ਘਰ ਦੀ ਮਹਾਨ ਸੇਵਾ ਪਰੰਪਰਾ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

ਸਮਾਗਮ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ, ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਸਰਦਾਰ ਜਸਪ੍ਰੀਤ ਸਿੰਘ ਕਰਮਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਅਹੁਦੇਦਾਰਾਂ, ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਾਮਲ ਹੋਏ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਾਰ ਸੇਵਾ ਦੀ ਇਹ ਸੁਨਹਿਰੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ ਅਤੇ ਸਿੱਖ ਕੌਮ ਨੂੰ ਗੁਰੂ ਘਰ ਦੀ ਸੇਵਾ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰ ਦੀਆਂ ਸੇਵਾਵਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਇਸ ਮਹਾਨ ਪ੍ਰੰਪਰਾ ਨੂੰ ਹੋਰ ਮਜ਼ਬੂਤ ਕਰਨ ।

## ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸ਼ਹਿਰ ਵਿੱਚ ਪੈ ਰਹੇ ਸਿਵਰੇਜ ਦਾ ਲਿਆ ਜਾਇਜ਼ਾ




ਨਾਭਾ, 24 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਨਾਭਾ ਦੇ ਨੌਜਵਾਨ ਆਗੂ ਅਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਅਲੌਹਰਾਂ ਗੇਟ ਵਿਖੇ ਪੈ ਰਹੇ ਸਿਵਰੇਜ ਦਾ ਜਾਇਜ਼ਾ ਲਿਆ ਅਤੇ ਮੌਕੇ ਤੇ ਵਿਭਾਗ ਦੇ ਐਸ.ਡੀ.ਓ ਸਮੇਤ ਹੋਰ ਅਧਿਕਾਰੀਆਂ ਨੂੰ ਬੁਲਾਕੇ ਸਿਵਰੇਜ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਕਰਨ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਪਾਣੀ ਦੀ ਸਮਰੱਥਾ ਅਨੁਸਾਰ ਸਿਵਰੇਜ ਦੀਆਂ ਪਾਈਪਾਂ ਵੱਡੀਆਂ ਪਾਈਆਂ ਜਾਣ ਤਾਂ ਜੋ ਲੋਕਾਂ ਨੂੰ ਕੋਈ ਸਮੱਸਿਆ ਨਾ ਆਵੇ।

ਇਸ ਮੌਕੇ ਇਕੱਤਰ ਦੁਕਾਨਦਾਰਾਂ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਆਪਣੀਆਂ ਸਮੱਸਿਆਂਵਾਂ ਦੱਸਦਿਆਂ ਕਿਹਾ ਕਿ ਜੇਕਰ ਅਲੌਹਰਾਂ ਗੇਟ ਸਾਈਡ ਸਿਵਰੇਜ ਪੈਂਦਾ ਹੈ ਤਾਂ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੁੱਟੀ ਗਈ ਸੜਕ ਨੂੰ ਤੁਰੰਤ ਬਣਾਇਆ ਜਾਵੇ। ਚੈਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੁਕਾਨਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਂਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ। ਇਸ ? ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਉੱਦਮਦੀਪ ਸਿੰਘ, ਸਾਬਕਾ ਕੌਂਸਲਰ ਰੋਜ਼ੀ ਨਾਗਪਾਲ ਦੇ ਪਤੀ ਦੀਪਕ ਨਾਗਪਾਲ ਸ਼ਹਿਰੀ ਬਲਾਕ ਪ੍ਰਧਾਨ, ਸਚਿਨ ਕੁਮਾਰ, ਹਰਵਿੰਦਰ ਸਿੰਘ ਹੈਰੀ, ਯੂਥ ਆਗੂ ਲਾਲੀ ਫਤਿਹਪੁਰ ਤੇ ਗੋਪੀ ਫੈਜਗੜ੍ਹ ਆਦਿ ਵੀ ਮੌਜੂਦ ਸਨ।

# ਮਹਾਰਾਸ਼ਟਰ ਸਰਕਾਰ ਵੱਲੋਂ 70 ਸਾਲ ਪੁਰਾਣਾ ਗੁਰਦੁਆਰਾ ਐਕਟ ਰੱਦ; ਨਵਾਂ ਕਾਨੂੰਨ ਲਿਆਉਣ ਦੀ ਤਿਆਰੀ



**ਧਰਮਕੋਟ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਸਰਕਾਰ ਨੇ ਸਾਲ 1956 ਤੋਂ ਬਣਿਆ ਹੋਇਆ ਸਿੱਖ ਗੁਰਦੁਆਰਾ ਐਕਟ ਰੱਦ ਕਰ ਦਿੱਤਾ ਹੈ। ਲੰਘੇ ਐਤਵਾਰ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਬੈਠਕ ਵਿੱਚ 'ਦਾ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਐਕਟ 1956' ਨੂੰ ਰੱਦ ਕੀਤਾ ਗਿਆ। ਇਸ ਐਕਟ ਨੂੰ ਰੱਦ ਕਰਨ ਸਬੰਧੀ ਪ੍ਰਸਤਾਵ ਰੈਵੇਨਿਊ ਮੰਤਰੀ ਚੰਦਰ ਸ਼ੇਖਰ ਬਾਵਨਕੁਲੇ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਮੰਤਰੀ ਮੰਡਲ ਨੇ ਆਪਣੀ ਮੰਜ਼ੂਰੀ ਦੇ ਦਿੱਤੀ ਹੈ।

ਸਰਕਾਰ ਵੱਲੋਂ ਇਸ 70 ਸਾਲ ਪੁਰਾਣੇ ਕਾਨੂੰਨ ਨੂੰ ਪੁਰਾਣਾ ਦੱਸਦਿਆਂ ਰੱਦ ਕੀਤਾ ਗਿਆ ਹੈ ਅਤੇ ਇਸ ਦੀ ਜਗ੍ਹਾ ਹੁਣ ਨਵਾਂ ਕਾਨੂੰਨ ਬਣਾਉਣ ਦੀ ਤਜਵੀਜ਼ ਹੈ।

ਗੁਰਦੁਆਰਾ ਸਾਹਿਬ ਬੋਰਡ ਲਈ ਨਵਾਂ ਬਣਾਇਆ ਜਾ ਰਿਹਾ ਕਾਨੂੰਨ ਅਜੋਕੇ ਸਮੇਂ ਦੇ ਹਾਣ ਦਾ ਬਣਾਉਣ ਲਈ ਸਰਕਾਰ ਵੱਲੋਂ ਖਰੜਾ (ਡਰਾਫਟ) ਤਿਆਰ ਕਰ ਲਿਆ ਗਿਆ ਹੈ, ਜਿਸ ਨੂੰ ਜਲਦ ਹੀ ਵਿਧਾਨ ਸਭਾ ਅੱਗੇ ਪ੍ਰਵਾਨਗੀ ਲਈ ਰੱਖਿਆ ਜਾਵੇਗਾ। ਮਿਲੀ ਜਾਣਕਾਰੀ ਮੁਤਾਬਕ ਮਹਾਰਾਸ਼ਟਰ ਸਰਕਾਰ ਵੱਲੋਂ ਸੂਬੇ ਦੇ ਸਿੱਖ ਆਗੂਆਂ ਨਾਲ ਨਵੇਂ ਬਣਨ ਵਾਲੇ ਇਸ ਗੁਰਦੁਆਰਾ ਐਕਟ ਸਬੰਧੀ ਵਿਚਾਰ-ਚਰਚਾ ਵੀ ਸ਼ੁਰੂ ਕਰ ਦਿੱਤੀ ਗਈ ਹੈ।

# ਕਰਨਪ੍ਰਯਾਗ ਅਤੇ ਨਗਰਾਸੂ ਘਟਨਾਵਾਂ ਦੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ: ਪੁਸ਼ਕਰ ਸਿੰਘ ਧਾਮੀ

## ਮੁੱਖ ਮੰਤਰੀ ਨੇ ਨਿਰਪੱਖ ਕਾਰਵਾਈ ਦਾ ਭਰੋਸਾ ਦਿੱਤਾ; ਹੇਮਕੁੰਟ ਸਾਹਿਬ ਯਾਤਰਾ ਲਈ ਆ ਰਹੇ ਸ਼ਰਧਾਲੂਆਂ ਦੇ ਆਰਾਮ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼

**ਦੇਹਰਾਦੂਨ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਸੂਬਾ ਸਰਕਾਰ, ਪ੍ਰਸ਼ਾਸਨ ਅਤੇ ਪੁਲੀਸ ਕਰਨਪ੍ਰਯਾਗ ਅਤੇ ਨਗਰਾਸੂ ਵਿੱਚ ਵਾਪਰੀਆਂ ਘਟਨਾਵਾਂ ਦੇ ਸਬੰਧ ਵਿੱਚ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਪੱਖ ਅਤੇ ਜ਼ਰੂਰੀ ਕਾਰਵਾਈ ਕਰ ਰਹੇ ਹਨ। ਜਾਂਚ ਵਿੱਚ ਦੋਸ਼ੀ ਪਾਏ ਗਏ ਲੋਕਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ ਅਤੇ ਸਾਰੇ ਤੱਥਾਂ ਦੇ ਆਧਾਰ 'ਤੇ ਹੋਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਦੱਸਣਯੋਗ ਹੈ ਬੀਤੇ ਕੱਲ੍ਹ ਡੀਜੀਪੀ ਦਫਤਰ ਵੱਲੋਂ ਸਪਸ਼ਟ ਕੀਤਾ ਗਿਆ ਸੀ ਕਿ ਕਰਨਪ੍ਰਯਾਗ ਮਾਮਲੇ ਦੀ ਉੱਚ ਪੱਧਰ ਚੱਲ ਰਹੀ ਹੈ। ਇਸ ਮਾਮਲੇ ਵਿੱਚ ਦੂਜੀ ਧਿਰ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ। ਜਾਂਚ ਨੂੰ ਕਰਨਪ੍ਰਯਾਗ ਤੋਂ ਹਰਿਦੁਆਰ ਤਬਦੀਲ ਕੀਤਾ ਗਿਆ ਹੈ। ਪੁਲੀਸ ਵੱਲੋਂ ਦੁਰਵਿਹਾਰ ਸਬੰਧੀ ਸ਼ਿਕਾਇਤ ਦੀ ਜਾਂਚ ਡੀਆਈਜੀ ਨੂੰ ਦਿੱਤੀ ਗਈ ਹੈ।

ਇਸੇ ਮਾਮਲੇ ਵਿੱਚ ਅੱਜ ਮੁੱਖ ਮੰਤਰੀ ਨੇ ਉੱਚ ਪੱਧਰੀ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਅੱਜ ਮੰਗਲਵਾਰ ਨੂੰ ਸਕੱਤਰੇਤ ਵਿਚ ਹੋਈ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਚਾਰਧਾਮ ਅਤੇ ਹੇਮਕੁੰਟ ਸਾਹਿਬ



ਯਾਤਰਾ 'ਤੇ ਸਾਰੇ ਸ਼ਰਧਾਲੂਆਂ ਦੇ ਆਰਾਮ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਰਧਾਲੂਆਂ ਅਤੇ ਸੈਲਾਨੀਆਂ ਦਾ ਦੇਵਭੂਮੀ ਉਤਰਾਖੰਡ ਵਿੱਚ ਨਿੱਘਾ ਸਵਾਗਤ ਹੈ। ਉਨ੍ਹਾਂ ਕਿਹਾ ਕਿ ਉਤਰਾਖੰਡ ਆਸਥਾ, ਸੱਭਿਆਚਾਰ ਅਤੇ ਕੁਦਰਤ ਦਾ ਅਨਮੋਲ ਖਜ਼ਾਨਾ ਹੈ। ਉਨ੍ਹਾਂ ਸਾਰੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਅਪੀਲ ਕੀਤੀ ਕਿ ਉਹ ਦੇਵਭੂਮੀ ਉਤਰਾਖੰਡ ਦੇ ਸ਼ਾਂਤਮਈ ਵਾਤਾਵਰਨ ਵਿੱਚ ਆਪਣੀ ਯਾਤਰਾ ਦਾ ਪੂਰਾ ਆਨੰਦ ਲੈਣ ਅਤੇ ਅਫਵਾਹਾਂ ਨੂੰ ਨਜ਼ਰਅੰਦਾਜ਼ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਹੇਮਕੁੰਟ ਸਾਹਿਬ ਯਾਤਰਾ ਦੇ ਨਾਲ-ਨਾਲ ਚਾਰਧਾਮ ਯਾਤਰਾ ਰਾਜ ਵਿੱਚ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਹੁਣ ਤੱਕ 40 ਲੱਖ ਤੋਂ ਵੱਧ ਸ਼ਰਧਾਲੂ ਚਾਰਧਾਮ ਯਾਤਰਾ ਦੇ ਦਰਸ਼ਨ ਕਰ ਚੁੱਕੇ ਹਨ।

ਇਸ ਤੋਂ ਇਲਾਵਾ ਹੇਮਕੁੰਟ ਸਾਹਿਬ ਯਾਤਰਾ ਦੇ ਸ਼ੁਰੂਆਤੀ ਦਿਨਾਂ ਵਿੱਚ, ਪਿਛਲੇ ਸਾਲ ਦੇ ਮੁਕਾਬਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ 25,000 ਦਾ ਵਾਧਾ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉੱਤਰਾਖੰਡ ਵਿੱਚ ਸਿੱਖ ਗੁਰੂਆਂ ਦੁਆਰਾ ਸਥਾਪਿਤ ਤਿੰਨ ਪ੍ਰਮੁੱਖ ਪਵਿੱਤਰ ਸਥਾਨ ਹੇਮਕੁੰਟ ਸਾਹਿਬ, ਰੀਠਾ ਸਾਹਿਬ ਅਤੇ ਨਾਨਕ ਮੱਤਾ ਸਾਹਿਬ ਹਨ, ਜਿੱਥੇ ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਰਿਆਂ ਦਾ ਸਤਿਕਾਰ ਕਰਨਾ ਦੇਵਭੂਮੀ ਉੱਤਰਾਖੰਡ ਦੀ ਸੱਭਿਆਚਾਰ ਅਤੇ ਪਰੰਪਰਾ ਦਾ ਇੱਕ ਅਨਿੱਖੜਵਾਂ ਅੰਗ ਹੈ। "ਅਤਿਥੀ ਦੇਵੋ ਭਵ:" ਦੀ ਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਰੇ ਸੈਲਾਨੀਆਂ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਕੀਤੀ ਜਾਂਦੀ ਹੈ।

ਮੁੱਖ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਗੁੰਮਰਾਹਕੁਨ ਜਾਣਕਾਰੀ ਫੈਲਾਉਣ ਵਾਲਿਆਂ ਨੂੰ ਤਾੜਨਾ ਕੀਤੀ ਕਿ ਉਹ ਸਮਾਜ ਅਤੇ ਭਾਈਚਾਰਿਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਸਾਰੇ ਧਰਮਾਂ ਦੇ ਲੋਕਾਂ ਨੇ ਮਿਲ ਕੇ ਦੇਸ਼ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁੰਮਰਾਹਕੁੰਨ ਅਤੇ ਭੜਕਾਊ ਖ਼ਬਰਾਂ ਫੈਲਾਉਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# 1994 ਦੇ ਅੱਪਰ ਯਮੁਨਾ ਰਿਵਰ ਬੋਰਡ ਸਮਝੌਤੇ ਅਨੁਸਾਰ ਰਾਜਸਥਾਨ ਨੂੰ ਉਸਦੇ ਹਿੱਸੇ ਦਾ ਪਾਣੀ ਉਪਲਬਧ ਕਰਾਉਣ 'ਤੇ ਬਣੀ ਸਹਿਮਤੀ



**ਚੰਡੀਗੜ੍ਹ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਸੀ.ਆਰ. ਪਾਟਿਲ ਦੀ ਨਵੀਂ ਦਿੱਲੀ ਸਥਿਤ ਰਿਹਾਇਸ਼ 'ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਸ਼ਰਮਾ ਵਿਚਕਾਰ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ।

ਮੀਟਿੰਗ ਵਿੱਚ ਦੋਵਾਂ ਰਾਜਾਂ ਨਾਲ ਸਬੰਧਤ ਜਲ ਸਰੋਤਾਂ, ਸਿੰਚਾਈ ਅਤੇ ਪੀਣ ਵਾਲੇ ਪਾਣੀ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੀਟਿੰਗ ਵਿੱਚ ਦੋਵਾਂ ਰਾਜਾਂ ਦੇ ਸੀਨੀਅਰ ਅਧਿਕਾਰੀਆਂ ਨੇ ਵੀ ਭਾਗ ਲਿਆ।

ਮੀਟਿੰਗ ਦੌਰਾਨ ਸਾਲ 1994 ਵਿੱਚ ਹੋਏ ਅੱਪਰ ਯਮੁਨਾ ਰਿਵਰ ਬੋਰਡ ਸਮਝੌਤੇ ਦੇ ਤਹਿਤ ਰਾਜਸਥਾਨ ਦੇ ਹਿੱਸੇ ਦੇ ਪਾਣੀ ਦੀ ਸਪਲਾਈ ਦੇ ਵਿਸ਼ੇ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਸਬੰਧੀ ਫੈਸਲਾ ਲਿਆ ਗਿਆ ਕਿ ਸਮਝੌਤੇ ਅਨੁਸਾਰ ਰਾਜਸਥਾਨ ਨੂੰ ਉਸਦਾ ਨਿਰਧਾਰਤ ਪਾਣੀ ਪਾਈਪਲਾਈਨ ਰਾਹੀਂ ਉਪਲਬਧ ਕਰਵਾਇਆ ਜਾਵੇਗਾ। ਇਸ ਵਿਸ਼ੇ 'ਤੇ ਸੋਮਵਾਰ ਨੂੰ ਐਮ.ਓ.ਯੂ. 'ਤੇ ਹਸਤਾਖਰ ਕੀਤੇ ਜਾਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਮਝੌਤੇ ਤਹਿਤ ਰਾਜਸਥਾਨ ਨੂੰ ਮਿਲਣ ਵਾਲੇ ਪਾਣੀ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ ਅਤੇ ਰਾਜਸਥਾਨ ਨੂੰ ਨਿਰਧਾਰਤ ਹਿੱਸੇ ਦਾ ਪਾਣੀ ਉਪਲਬਧ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਰਾਜਾਂ ਵਿਚਕਾਰ ਤਾਲਮੇਲ ਅਤੇ ਸਹਿਯੋਗ ਨਾਲ ਜਲ ਸਰੋਤਾਂ ਦਾ ਬਿਹਤਰ ਪ੍ਰਬੰਧਨ ਯਕੀਨੀ ਬਣਾਇਆ ਜਾ ਸਕਦਾ ਹੈ, ਜਿਸ ਨਾਲ ਸਾਰੇ ਪ੍ਰਦੇਸ਼ਾਂ ਨੂੰ ਲਾਭ ਮਿਲੇਗਾ।

ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਸ਼ਰਮਾ ਨੇ ਕਿਹਾ ਕਿ ਰਾਜਸਥਾਨ ਸਿਰਫ਼ ਸਮਝੌਤੇ ਤਹਿਤ ਨਿਰਧਾਰਤ ਪਾਣੀ ਦੀ ਹੀ ਮੰਗ ਕਰ ਰਿਹਾ ਹੈ।

# ਦਿਲੀ ਵਿਖੇ ਭਾਰਤੀ ਸਿੱਖ ਸ਼ਿਕਲੀਗਰ ਸਮਾਜ ਦੇ ਸਮਾਗਮ ਵਿੱਚ 25 ਰਾਜਾਂ ਦੇ ਪ੍ਰਤੀਨਿਧ ਪੁਜੇ

## ਮਾਂ ਬੋਲੀ ਪੰਜਾਬੀ, ਗੁਰਸਿੱਖੀ ਅਤੇ ਹੁਨਰਮੰਦ ਨੌਜਵਾਨ ਹੀ ਕੌਮ ਦੀ ਅਸਲ ਤਾਕਤ: ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅਖਿਲ ਭਾਰਤੀ ਸਿੱਖ ਸ਼ਿਕਲੀਗਰ ਸਮਾਜ ਵੱਲੋਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਇੱਕ ਵਿਸ਼ੇਸ਼ ਰਾਸ਼ਟਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਪੁੱਜੀਆਂ ਸੰਗਤਾਂ ਅਤੇ ਸਮਾਜ ਦੇ ਪ੍ਰਤੀਨਿਧਾਂ ਨੂੰ ਸੰਬੋਧਨ ਕਰਦਿਆਂ ਮਾਂ ਬੋਲੀ ਪੰਜਾਬੀ, ਗੁਰਸਿੱਖੀ ਜੀਵਨ, ਏਕਤਾ ਅਤੇ ਹੁਨਰ-ਅਧਾਰਿਤ ਸਿੱਖਿਆ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗਈ ਵਿਰਾਸਤ, ਭਾਸ਼ਾ, ਸਿਧਾਂਤਾਂ ਅਤੇ ਸ਼ਸਤਰ ਵਿਦਿਆ ਨੂੰ ਅਪਣਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਇਤਿਹਾਸ ਵਿੱਚ ਆਪਣੀ ਸ਼ਕਤੀ, ਦਲੇਰੀ ਅਤੇ ਕੁਰਬਾਨੀਆਂ ਦੇ ਸਦਕਾ ਵਿਸ਼ੇਸ਼ ਸਥਾਨ ਹਾਸਲ ਕੀਤਾ ਸੀ, ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖ ਕੌਮ ਨੂੰ ਵੰਡਣ ਅਤੇ ਕਮਜ਼ੋਰ ਕਰਨ ਦੇ ਯਤਨ ਵੀ ਕੀਤੇ ਗਏ। ਉਨ੍ਹਾਂ ਕਿਹਾ ਕਿ ਹੁਣ ਸਮਾਂ ਹੈ ਕਿ ਸਾਰੇ ਸਿੱਖ ਇੱਕ ਨਿਸ਼ਾਨ ਸਾਹਿਬ ਹੇਠ ਇਕੱਠੇ ਹੋ ਕੇ ਆਪਣੀ ਤਾਕਤ ਨੂੰ ਹੋਰ ਮਜ਼ਬੂਤ ਕਰਨ।

ਉਨ੍ਹਾਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਮਹਾਰਾਸ਼ਟਰ, ਉੱਤਰ ਪ੍ਰਦੇਸ਼,



ਉੱਤਰਾਖੰਡ, ਦਿੱਲੀ, ਹਰਿਆਣਾ, ਰਾਜਸਥਾਨ, ਗੁਜਰਾਤ, ਹਿਮਾਚਲ ਪ੍ਰਦੇਸ਼, ਤੇਲੰਗਾਨਾ, ਆਂਧਰਾ ਪ੍ਰਦੇਸ਼, ਪੰਜਾਬ, ਜੰਮੂ-ਕਸ਼ਮੀਰ, ਕਰਨਾਟਕ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਸਮੇਤ 15 ਰਾਜਾਂ ਤੋਂ ਅਖਿਲ ਭਾਰਤੀ ਸ਼ਿਕਲੀਗਰ ਸਮਾਜ ਦੇ ਪ੍ਰਤੀਨਿਧਾਂ ਦਾ ਇੱਕ ਮੰਚ 'ਤੇ ਇਕੱਠਾ ਹੋਣਾ ਆਪਣੇ ਆਪ ਵਿੱਚ ਇਤਿਹਾਸਕ ਅਤੇ ਪ੍ਰੇਰਨਾਦਾਇਕ ਉਦਾਹਰਣ ਹੈ। ਸਰਦਾਰ ਕਾਲਕਾ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਦਾ ਸਿੱਖ, ਅੰਮ੍ਰਿਤਧਾਰੀ ਅਤੇ ਚੰਗੇ ਚਰਿੱਤਰ ਵਾਲਾ ਇਨਸਾਨ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਆਧੁਨਿਕ ਤਕਨਾਲੋਜੀ ਅਤੇ ਹੁਨਰਾਂ ਨਾਲ ਵੀ ਜੋੜਨ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਸਕਿੱਲ ਡਿਵੈਲਪਮੈਂਟ ਅਤੇ ਤਕਨੀਕੀ ਸਿੱਖਿਆ ਹੀ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਆਰਥਿਕ ਖੁਸ਼ਹਾਲੀ ਵੱਲ ਲੈ ਕੇ ਜਾ ਸਕਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਦੇਸ਼ ਭਰ ਵਿੱਚ ਸਥਾਪਿਤ ਸਿੱਖ ਉਦਯੋਗਪਤੀਆਂ ਅਤੇ ਉਦਯੋਗਿਕ ਇਕਾਈਆਂ ਨਾਲ ਮਿਲ ਕੇ ਅਜਿਹੇ ਉਪਰਾਲੇ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ ਰਾਹੀਂ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਦੇ ਨਾਲ-ਨਾਲ ਰੁਜ਼ਗਾਰ ਅਤੇ ਕਾਰੋਬਾਰ ਦੇ ਮੌਕੇ ਵੀ ਉਪਲਬਧ ਕਰਵਾਏ ਜਾ ਸਕਣ। ਮਾਂ ਬੋਲੀ ਪੰਜਾਬੀ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਸਰਦਾਰ ਕਾਲਕਾ ਨੇ ਕਿਹਾ ਕਿ ਸਿੱਖ ਕੌਮ ਦੀ ਪਹਿਚਾਣ ਉਸ ਦੀ ਭਾਸ਼ਾ, ਸੱਭਿਆਚਾਰ ਅਤੇ ਗੁਰਮਤਿ ਨਾਲ ਜੁੜੀ ਹੋਈ ਹੈ। ਉਨ੍ਹਾਂ ਸੰਗਤਾਂ ਤੋਂ ਵਚਨ ਲਿਆ ਕਿ ਉਹ ਆਪਣੇ ਘਰਾਂ, ਪਰਿਵਾਰਾਂ ਅਤੇ ਬੱਚਿਆਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣਗੇ ਅਤੇ ਇਸ ਨੂੰ ਵਿਸਰਨ ਨਹੀਂ ਦੇਣਗੇ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਸ਼ਿਕਲੀਗਰ ਸਮਾਜ ਦੀਆਂ ਜਾਇਜ਼ ਮੰਗਾਂ ਅਤੇ ਮੁੱਦਿਆਂ ਨੂੰ ਸਬੰਧਤ ਰਾਜ ਸਰਕਾਰਾਂ ਅਤੇ ਹੋਰ ਸੰਸਥਾਵਾਂ ਅੱਗੇ ਪੂਰੀ ਗੰਭੀਰਤਾ ਨਾਲ ਉਠਾਇਆ ਜਾਵੇਗਾ।

# ਵਿਵਾਦਿਤ ਵੀਡੀਓ ਮਾਮਲਾ: ਸ਼੍ਰੋਮਣੀ ਅਕਾਲੀ ਦਲ ਨੇ ਫੋਰੈਂਸਿਕ ਰਿਪੋਰਟਾਂ ਉੱਤੇ ਚੁੱਕੇ ਸਵਾਲ

## ਲੱਖਾਂ ਰੁਪਏ ਦੇ ਕੇ ਰਿਪੋਰਟਾਂ ਤਿਆਰ ਕਰਾਉਣ ਦੇ ਲਾਏ ਦੋਸ਼

**ਚੰਡੀਗੜ੍ਹ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਵਾਦਿਤ ਵੀਡੀਓ ਦੀਆਂ ਫਰੈਂਸਿਕ ਜਾਂਚ ਰਿਪੋਰਟਾਂ ਨੂੰ ਲੈ ਕੇ ਸਵਾਲ ਚੁੱਕੇ ਹਨ। ਮਜੀਠੀਆ ਨੇ ਅੱਜ ਸੋਸ਼ਲ ਮੀਡੀਆ ਉੱਤੇ ਵੀਡੀਓ ਜਾਰੀ ਕਰਦਿਆਂ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਗੁਰੂਗ੍ਰਾਮ ਦੀ ਲੈਬਾਰਟਰੀ ਨੂੰ ਕਥਿਤ ਤੌਰ 'ਤੇ ਲੱਖਾਂ ਰੁਪਏ ਦੇ ਕੇ ਫੋਰੈਂਸਿਕ ਰਿਪੋਰਟ ਤਿਆਰ ਕਰਵਾਉਣ ਦੇ ਦੋਸ਼ ਲਗਾਏ ਹਨ।

ਮਜੀਠੀਆ ਨੇ ਕਿਹਾ ਕਿ ਪੰਜਾਬ



ਪੁਲੀਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਫੋਰੈਂਸਿਕ ਲੈਬਾਰਟਰੀ ਦੇ ਅਧਿਕਾਰੀਆਂ ਨਾਲ ਹੋਟਲ ਵਿੱਚ ਮੀਟਿੰਗ ਕੀਤੀ ਗਈ, ਜਿਸ ਤੋਂ ਬਾਅਦ ਰੁਪਏ ਦਿੱਤੇ ਗਏ ਹਨ।

ਇਸ ਦੇ ਨਾਲ ਹੀ ਬਿਕਰਮ ਸਿੰਘ ਮਜੀਠੀਆ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਇਸ ਮਾਮਲੇ ਦੇ ਮੁੱਖ ਗਵਾਹ ਦੀ ਜਾਨ-ਮਾਲ ਦੀ ਰੱਖਿਆ ਕਰਨ ਦੀ ਅਪੀਲ ਕੀਤੀ ਹੈ।

ਮਜੀਠੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬ ਦੇ ਖ਼ਿਲਾਫ਼ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ।

# ਮੇਰਾ ਯੁਵਾ ਭਾਰਤ (ਚੰਡੀਗੜ੍ਹ ਨੇ ਯੂਥ ਕਲੱਬ ਡਿਵੈਲਪਮੈਂਟ ਕੈਂਪੇਨ 2026 ਸ਼ੁਰੂ ਕੀਤੀ




**ਚੰਡੀਗੜ੍ਹ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੇ ਤਹਿਤ ਕਾਰਜਰਤ ਮੇਰਾ ਯੁਵਾ ਭਾਰਤ ਚੰਡੀਗੜ੍ਹ ਨੇ ਨੌਜਵਾਨਾਂ ਦੀ ਭਾਗੀਦਾਰੀ ਨੂੰ ਸਸ਼ਕਤ ਬਣਾਉਣ ਅਤੇ ਸੰਗਠਿਤ ਯੁਵਾ ਸਮੂਹਾਂ ਦੇ ਜ਼ਰੀਏ ਸਮੁਦਾਇਕ ਵਿਕਾਸ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਪੂਰੇ ਚੰਡੀਗੜ੍ਹ ਵਿੱਚ ਯੂਥ ਕਲੱਬ ਡਿਵੈਲਪਮੈਂਟ ਕੈਂਪੇਨ 2026 ਦੀ ਸ਼ੁਰੂਆਤ ਕੀਤੀ ਹੈ।

ਇਸ ਮੁਹਿੰਮ ਦੇ ਤਹਿਤ ਚੰਡੀਗੜ੍ਹ ਵਿੱਚ ਕੰਮ ਕਰ ਰਹੇ ਸਾਰੇ ਮੌਜੂਦਾ ਯੂਥ ਕਲੱਬਾਂ, ਮਹਿਲਾ ਮੰਡਲਾਂ ਅਤੇ ਯੂਥ ਐਸੋਸੀਏਸ਼ਨਾਂ ਨੂੰ ਮੇਰਾ ਯੁਵਾ ਭਾਰਤ ਨਾਲ ਜੁੜ ਕੇ ਰਾਸ਼ਟਰ ਨਿਰਮਾਣ ਦੀਆਂ ਵਿਭਿੰਨ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰ ਬਣਨ ਲਈ ਸੱਦਾ ਦਿੱਤਾ ਗਿਆ ਹੈ। ਇਸ ਮੁਹਿੰਮ ਦੇ ਜ਼ਰੀਏ ਨੌਜਵਾਨਾਂ ਨੂੰ ਨਵੇਂ ਯੂਥ ਕਲੱਬ ਬਣਾ ਕੇ ਉਨ੍ਹਾਂ ਨੂੰ ਮੇਰਾ ਯੁਵਾ ਭਾਰਤ ਨਾਲ ਰਜਿਸਟਰ ਕਰਵਾਉਣ ਲਈ ਵੀ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ।

ਮੁਹਿੰਮ ਦੇ ਪ੍ਰਭਾਵੀ ਲਾਗੂਕਰਨ ਅਤੇ ਜਨਜਾਗਰੂਕਤਾ ਲਈ ਛੇ ਵਲੰਟੀਅਰਾਂ - ਮੋਹਿਨੀ, ਕਸਤੂਰੀ, ਕਾਰਤਿਕ, ਪੰਕਜ, ਤਨਿਸ਼ ਅਤੇ ਵੈਭਵ - ਨੂੰ ਚੰਡੀਗੜ੍ਹ ਦੇ ਵਿਭਿੰਨ ਸੈਕਟਰਾਂ ਵਿੱਚ ਤੈਨਾਤ ਕੀਤਾ ਗਿਆ ਹੈ। ਇਹ ਵਲੰਟੀਅਰ ਜਾਗਰੂਕਤਾ ਗਤੀਵਿਧੀਆਂ ਦਾ ਸੰਚਾਲਨ ਕਰਨ ਦੇ ਨਾਲ-ਨਾਲ ਯੁਵਾ ਸਮੂਹਾਂ ਨੂੰ ਐਫਿਲਿਏਸ਼ਨ ਪ੍ਰਕਿਰਿਆ ਵਿੱਚ ਸਹਾਇਤਾ ਪ੍ਰਦਾਨ ਕਰਨਗੇ।

ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਮੇਰਾ ਯੁਵਾ ਭਾਰਤ ਚੰਡੀਗੜ੍ਹ ਦੇ ਜ਼ਿਲ੍ਹਾ ਯੁਵਾ ਅਧਿਕਾਰੀ ਸ਼੍ਰੀ ਵਿਨੈ ਕੁਮਾਰ ਨੇ ਦੱਸਿਆ ਕਿ ਇਸ ਪਹਿਲ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਕਾਰਜਰਤ ਯੁਵਾ ਸੰਗਠਨਾਂ ਨੂੰ ਸਸ਼ਕਤ ਬਣਾਉਣਾ ਅਤੇ ਚੰਡੀਗੜ੍ਹ ਵਿੱਚ ਯੂਥ ਕਲੱਬਾਂ ਦਾ ਇੱਕ ਸਸ਼ਕਤ ਅਤੇ ਸਰਗਰਮ ਨੈੱਟਵਰਕ ਤਿਆਰ ਕਰਨਾ ਹੈ। ਉਨ੍ਹਾਂ ਨੇ ਸਾਰੇ ਪਾਤਰ ਯੂਥ ਕਲੱਬਾਂ, ਮਹਿਲਾ ਮੰਡਲਾਂ ਅਤੇ ਯੁਵਾ ਐਸੋਸੀਏਸ਼ਨਾਂ ਨੂੰ ਮੇਰਾ ਯੁਵਾ ਭਾਰਤ ਨਾਲ ਜੁੜ ਕੇ ਵਿਭਿੰਨ ਯੁਵਾ ਵਿਕਾਸ ਅਤੇ ਰਾਸ਼ਟਰ-ਨਿਰਮਾਣ ਪ੍ਰੋਗਰਾਮਾਂ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਦੀ ਤਾਕੀਦ ਕੀਤੀ।

ਆਪਣੇ ਮੌਜੂਦਾ ਕਲੱਬਾਂ ਨੂੰ ਜੋੜਨ ਜਾਂ ਨਵਾਂ ਯੂਥ ਕਲੱਬ ਸਥਾਪਿਤ ਕਰਨ ਦੇ ਇੱਛੁਕ ਵਿਅਕਤੀ ਨਿਮਨਲਿਖਤ ਸੰਪਰਕ 'ਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ: ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ, ਮੇਰਾ ਯੁਵਾ ਭਾਰਤ ਚੰਡੀਗੜ੍ਹ, ਮੋਬਾਈਲ: 9805832503। ਇੱਛੁਕ ਵਿਅਕਤੀ ਅਧਿਕ ਜਾਣਕਾਰੀ ਅਤੇ ਸਹਾਇਤਾ ਲਈ ਮੇਰਾ ਯੁਵਾ ਭਾਰਤ ਦਫ਼ਤਰ, ਪੈੱਕ (ਪੀਈਸੀ) ਕੈਂਪਸ, ਸੈਕਟਰ 12, ਚੰਡੀਗੜ੍ਹ ਵੀ ਸੰਪਰਕ ਕਰ ਸਕਦੇ ਹਨ।

# ਮੀਟਿੰਗ ਦਾ ਸੱਦਾ ਮਿਲਣ ਮਗਰੋਂ ਰੋਡਵੇਜ਼ ਤੇ PRTC ਕਾਮਿਆਂ ਦੀ ਤਿੰਨ ਰੋਜ਼ਾ ਹੜਤਾਲ ਮੁਲਤਵੀ

**ਪਟਿਆਲਾ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ., ਪੰਜਾਬ ਰੋਡਵੇਜ਼ ਅਤੇ ਪਨਬਸ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦੀ ਪੂਰਤੀ ਲਈ ਵਿੱਢੇ ਤਿੱਖੇ ਸੰਘਰਸ਼ ਤਹਿਤ ਐਲਾਨੀ ਗਈ ਤਿੰਨ ਰੋਜ਼ਾ ਸੂਬਾਈ ਹੜਤਾਲ ਫਿਲਹਾਲ ਮੁਲਤਵੀ ਕਰ ਦਿੱਤੀ ਗਈ ਹੈ। ਯੂਨੀਅਨ ਨੇ ਪਹਿਲਾਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਦੀ ਅਗਵਾਈ ਹੇਠ 24, 25 ਅਤੇ 26 ਜੂਨ ਨੂੰ ਸਰਕਾਰੀ ਬੱਸਾਂ ਦਾ ਮੁਕੰਮਲ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਸੀ। ਪਰੰਤੂ ਇਸ ਹੜਤਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਯੂਨੀਅਨ ਦੇ ਵਫ਼ਦ ਨੂੰ 24 ਜੂਨ ਨੂੰ ਮੀਟਿੰਗ ਲਈ ਸੱਦਾ ਭੇਜੇ ਜਾਣ ਕਾਰਨ ਹੜਤਾਲ ਨੂੰ ਅੱਗੇ ਪਾਉਣ ਦਾ ਫ਼ੈਸਲਾ ਲਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾਈ ਬੁਲਾਰੇ ਹਰਕੇਸ਼ ਵਿੱਕੀ ਪਟਿਆਲਾ ਨੇ ਦੱਸਿਆ ਕਿ ਸਰਕਾਰ ਦੇ ਹਾਂ-ਪੱਖੀ ਹੁੰਗਾਰੇ ਅਤੇ ਮੀਟਿੰਗ ਦੇ ਸੱਦੇ ਨੂੰ ਮੁੱਖ ਰੱਖਦਿਆਂ ਤਿੰਨ ਦਿਨਾਂ ਦੀ ਹੜਤਾਲ ਨੂੰ ਫਿਲਹਾਲ ਰੋਕਿਆ ਗਿਆ ਹੈ। ਉਨ੍ਹਾਂ ਉਮੀਦ ਜਤਾਈ ਕਿ ਇਸ ਮੀਟਿੰਗ ਵਿੱਚ ਵਰਕਰਾਂ ਦੀਆਂ ਮੰਗਾਂ ਦਾ ਕੋਈ ਸਾਰਥਕ ਹੱਲ ਕੱਢ ਲਿਆ ਜਾਵੇਗਾ।

# ਦਿੱਲੀ ਕਮੇਟੀ ਦਾ ਵਫਦ ਕਰਨ ਪ੍ਰਯਾਗ ਮਾਮਲੇ ਵਿੱਚ ਮੁੱਖ ਮੰਤਰੀ ਉੱਤਰਾਖੰਡ ਨੂੰ ਮਿਲਿਆ: ਹਰਮੀਤ ਸਿੰਘ ਕਾਲਕਾ

**ਦੇਹਰਾਦੂਨ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਦੀ ਅਗਵਾਈ ਵਿੱਚ ਇੱਕ ਉੱਚ ਪੱਧਰੀ ਵਫ਼ਦ ਨੇ ਅੱਜ ਉੱਤਰਾਖੰਡ ਦੇ ਮੁੱਖ ਮੰਤਰੀ ਸ੍ਰੀ ਪੁਸ਼ਕਰ ਸਿੰਘ ਧਾਮੀ ਨਾਲ ਮੀਟਿੰਗ ਕਰਕੇ 16 ਜੂਨ ਨੂੰ ਕਰਨਪ੍ਰਯਾਗ ਵਿਖੇ ਵਾਪਰੀ ਘਟਨਾ ਅਤੇ ਉਸ ਤੋਂ ਬਾਅਦ ਚਮੋਲੀ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ। ਵਫ਼ਦ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਸ. ਭੁਪਿੰਦਰ ਸਿੰਘ ਭੁੱਲਰ, ਸ. ਸੁਖਿੰਦਰ ਸਿੰਘ ਅਤੇ ਸ. ਇੰਦਰਜੀਤ ਸਿੰਘ ਵੀ ਸ਼ਾਮਲ ਸਨ।

ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਵਫ਼ਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਚਮੋਲੀ ਪੁਲਿਸ ਦੀ ਕਾਰਵਾਈ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਗਹਿਰਾ ਰੋਸ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋ ਧਿਰਾਂ ਵਿਚਕਾਰ ਕੋਈ ਵਿਵਾਦ ਜਾਂ ਝਗੜਾ ਹੋਇਆ ਸੀ ਤਾਂ ਕਾਨੂੰਨੀ ਕਾਰਵਾਈ ਨਿਰਪੱਖ ਅਤੇ ਦੋਵਾਂ ਪਾਸਿਆਂ ਦੇ ਤੱਥਾਂ ਨੂੰ ਧਿਆਨ



ਵਿੱਚ ਰੱਖ ਕੇ ਕੀਤੀ ਜਾਣੀ ਚਾਹੀਦੀ ਸੀ, ਪਰ ਮਾਮਲੇ ਵਿੱਚ ਇਕਪੱਖੀ ਕਾਰਵਾਈ ਦੀ ਭਾਵਨਾ ਸਾਹਮਣੇ ਆਈ ਹੈ, ਜਿਸ ਕਾਰਨ ਸਿੱਖਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ।

ਸ. ਕਾਲਕਾ ਨੇ ਦੋਸ਼ ਲਾਇਆ ਕਿ ਹਿਰਾਸਤ ਵਿੱਚ ਲਏ ਗਏ ਸਿੱਖ ਨੌਜਵਾਨਾਂ ਨਾਲ ਕਥਿਤ ਤੌਰ 'ਤੇ ਦੁਰਵਿਵਹਾਰ ਅਤੇ ਉਨ੍ਹਾਂ ਨੂੰ ਬਿਨਾਂ ਦਸਤਾਰ ਅਦਾਲਤ ਵਿੱਚ ਪੇਸ਼ ਕਰਨ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੱਚਾਈ ਸਾਹਮਣੇ ਆਉਣੀ ਅਤੇ ਜ਼ਿੰਮੇਵਾਰਾਂ ਦੀ ਜਵਾਬਦੇਹੀ ਤੈਅ ਹੋਣੀ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਸ੍ਰੀ ਪੁਸ਼ਕਰ ਸਿੰਘ ਧਾਮੀ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਪੂਰੇ ਮਾਮਲੇ ਦੀ ਜਾਂਚ ਡੀਜੀਪੀ ਪੱਧਰ 'ਤੇ ਕਰਵਾਈ ਜਾਵੇਗੀ ਅਤੇ 15 ਦਿਨਾਂ ਦੇ ਅੰਦਰ ਜਾਂਚ ਮੁਕੰਮਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਹਰਿਦੁਆਰ ਦੇ ਐੱਸਐੱਸਪੀ ਸ. ਨਵਨੀਤ ਸਿੰਘ ਭੁੱਲਰ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਰਦਾਰ ਕਾਲਕਾ ਨੇ ਦੱਸਿਆ ਕਿ ਮਾਮਲੇ ਵਿੱਚ ਕ੍ਰਾਸ ਐਫਆਈਆਰ ਦਰਜ ਕੀਤੀ ਗਈ ਹੈ ਤਾਂ ਜੋ ਸਾਰੇ ਪੱਖਾਂ ਦੀ ਨਿਰਪੱਖਤਾ ਨਾਲ ਜਾਂਚ ਹੋ ਸਕੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਮੰਗ ਕੀਤੀ ਕਿ ਜਿਨ੍ਹਾਂ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਸਬੰਧੀ ਸਵਾਲ ਉਠੇ ਹਨ, ਉਨ੍ਹਾਂ ਦੇ ਵਰਤਾਅ ਦੀ ਵੀ ਨਿਰਪੱਖ ਜਾਂਚ ਕੀਤੀ ਜਾਵੇ। ਇਸ 'ਤੇ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਜਾਂਚ ਦੌਰਾਨ ਜੋ ਵੀ ਤੱਥ ਸਾਹਮਣੇ ਆਉਣਗੇ, ਉਨ੍ਹਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਉੱਤਰਾਖੰਡ ਆਉਣ ਵਾਲੇ ਹਰ ਯਾਤਰੀ ਦੀ ਸੁਰੱਖਿਆ, ਸਨਮਾਨ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਉਤਰਾਖੰਡ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਭਾਈਚਾਰੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਅਤੇ ਅਜਿਹੇ ਬਿਆਨਾਂ ਜਾਂ ਕਦਮਾਂ ਤੋਂ ਵੀ ਬਚਣਾ ਚਾਹੀਦਾ ਹੈ ਜੋ ਸਮਾਜਿਕ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ। ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਮੁੱਖ ਮੰਤਰੀ ਨਾਲ ਮੀਟਿੰਗ ਬਹੁਤ ਸਦਭਾਵਨਾਪੂਰਨ ਮਾਹੌਲ ਵਿੱਚ ਹੋਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਭਰੋਸਿਆਂ ਨਾਲ ਵਫ਼ਦ ਨੂੰ ਸੰਤੁਸ਼ਟੀ ਮਿਲੀ ਹੈ ਅਤੇ ਉਮੀਦ ਹੈ ਕਿ ਜਾਂਚ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਮੁਕੰਮਲ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਯਾਤਰੀਆਂ ਦੇ ਅਧਿਕਾਰਾਂ, ਸਨਮਾਨ ਅਤੇ ਸੁਰੱਖਿਆ ਦੀ ਰੱਖਿਆ ਲਈ ਹਮੇਸ਼ਾ ਵਚਨਬੱਧ ਰਹੇਗੀ ਅਤੇ ਸੱਚਾਈ ਸਾਹਮਣੇ ਆਉਣ ਤੱਕ ਇਸ ਮਾਮਲੇ ਦੀ ਲਗਾਤਾਰ ਪੈਰਵੀ ਕਰਦੀ ਰਹੇਗੀ।

# ਆਸ਼ਾ ਕਿਰਨ, ਚੰਡੀਗੜ੍ਹ ਦੇ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਬਾਰੇ ਜਾਗਰੂਕਤਾ ਮੁਹਿੰਮ ਆਯੋਜਿਤ



**ਚੰਡੀਗੜ੍ਹ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਪ੍ਰਕਿਰਿਆ ਸਬੰਧੀ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਦੇ ਤਹਿਤ ਆਸ਼ਾ ਕਿਰਨ, ਸੈਕਟਰ 46, ਚੰਡੀਗੜ੍ਹ ਸਥਿਤ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ ਦਿੱਵਯਾਂਗਜਨਾਂ (ਪੀਡਬਲਿਊਡੀਜ਼) ਲਈ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਇਸ ਪ੍ਰੋਗਰਾਮ ਦਾ ਉਦੇਸ਼ ਦਿੱਵਯਾਂਗਜਨਾਂ (ਪੀਡਬਲਿਊਡੀਜ਼), ਉਨ੍ਹਾਂ ਦੀ ਦੇਖਭਾਲ਼ ਕਰਨ ਵਾਲਿਆਂ ਅਤੇ ਸੰਸਥਾ ਦੇ ਸਟਾਫ਼ ਮੈਂਬਰਾਂ ਨੂੰ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਪ੍ਰਕਿਰਿਆ ਦੇ ਮਹੱਤਵ ਅਤੇ ਸਹੀ ਅਤੇ ਅਪਡੇਟ ਕੀਤੇ ਚੋਣ ਰਿਕਾਰਡ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਬਾਰੇ ਜਾਗਰੂਕ ਕਰਨਾ ਸੀ। ਪ੍ਰਤੀਭਾਗੀਆਂ ਨੂੰ ਪ੍ਰਕਿਰਿਆ, ਪਾਤਰਤਾ ਮਾਪਦੰਡਾਂ ਅਤੇ ਵੋਟਰ ਵੇਰਵਿਆਂ ਦੇ ਸਮੇਂ 'ਤੇ ਤਸਦੀਕ ਅਤੇ ਅਪਡੇਟ ਕਰਨ ਦੇ ਮਹੱਤਵ ਦੀ ਜਾਣਕਾਰੀ ਦਿੱਤੀ ਗਈ।

ਸਮਾਵੇਸ਼ਿਤਾ ਅਤੇ ਪ੍ਰਭਾਵੀ ਸੰਵਾਦ ਸੁਨਿਸ਼ਚਿਤ ਕਰਨ ਲਈ ਪ੍ਰੋਗਰਾਮ ਦੇ ਦੌਰਾਨ ਸੰਕੇਤਕ ਭਾਸ਼ਾ ਦੁਭਾਸ਼ੀਏ ਦੀ ਵਿਵਸਥਾ ਕੀਤੀ ਗਈ ਸੀ, ਜਿਸ ਨਾਲ ਉੱਚਾ ਸੁਣਨ ਵਾਲੇ ਪ੍ਰਤੀਭਾਗੀ ਪ੍ਰੋਗਰਾਮ ਵਿੱਚ ਦਿੱਤੀ ਜਾ ਰਹੀ ਜਾਣਕਾਰੀ ਨੂੰ ਭਲੀ-ਭਾਂਤ ਸਮਝ ਸਕੇ ਅਤੇ ਜਾਗਰੂਕਤਾ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲੈ ਹੋ ਸਕੇ।

ਪ੍ਰੋਗਰਾਮ ਦੇ ਦੌਰਾਨ ਪ੍ਰਤੀਭਾਗੀਆਂ ਨੂੰ ਸੂਚਨਾ ਪੈਂਫਲੇਟ ਅਤੇ ਜਾਗਰੂਕਤਾ ਸਮੱਗਰੀ ਵੰਡੀ ਗਈ। ਅਧਿਕਾਰੀਆਂ ਨੇ ਹਾਜ਼ਰ ਪ੍ਰਤੀਭਾਗੀਆਂ ਨਾਲ ਸੰਵਾਦ ਕਰਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਪ੍ਰਕਿਰਿਆ ਸਬੰਧੀ ਜ਼ਰੂਰੀ ਮਾਰਗਦਰਸ਼ਨ ਵੀ ਪ੍ਰਦਾਨ ਕੀਤਾ। ਇਸ ਮੁਹਿੰਮ ਦੇ ਜ਼ਰੀਏ ਸਮਾਵੇਸ਼ੀ ਸਹਿਭਾਗਿਤਾ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ ਗਿਆ ਅਤੇ ਇਹ ਸੁਨਿਸ਼ਚਿਤ ਕਰਨ ਦੀ ਪ੍ਰਤੀਬੱਧਤਾ ਦੁਹਰਾਈ ਗਈ ਕਿ ਹਰੇਕ ਪਾਤਰ ਨਾਗਰਿਕ, ਵਿਸ਼ੇਸ਼ ਕਰਕੇ ਦਿੱਵਯਾਂਗਜਨ, ਆਪਣੇ ਲੋਕਤੰਤਰੀ ਅਧਿਕਾਰਾਂ ਦਾ ਪ੍ਰਭਾਵੀ ਤੌਰ 'ਤੇ ਉਪਯੋਗ ਕਰ ਸਕੇ।

ਇਸ ਸਮਾਗਮ ਵਿੱਚ ਆਸ਼ਾ ਕਿਰਨ ਦੇ ਟ੍ਰੇਨੀਆਂ ਅਤੇ ਸਟਾਫ਼ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਇਹ ਆਯੋਜਨ ਚੰਡੀਗੜ੍ਹ ਵਿੱਚ ਦਿੱਵਯਾਂਗਜਨ ਸਮੁਦਾਇ ਦੇ ਦਰਮਿਆਨ ਵੋਟਰ ਜਾਗਰੂਕਤਾ, ਸੁਗਮਤਾ ਅਤੇ ਚੋਣ ਪ੍ਰਕਿਰਿਆ ਵਿੱਚ ਸਮਾਵੇਸ਼ੀ ਭਾਗੀਦਾਰੀ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਿੱਧ ਹੋਇਆ।

# ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਨੇ ਚੰਡੀਗੜ੍ਹ ਵਿੱਚ ਚਲ ਰਹੇ ਸੜਕ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਕਾਰਜਾਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 24 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿੱਚ ਚਲ ਰਹੇ ਸੜਕ ਸੁਰੱਖਿਆ ਪਹਿਲਾਂ ਅਤੇ ਬੁਨਿਆਦੀ ਢਾਂਚੇ ਦੇ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਹਿਤ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਡਿਪਟੀ ਕਮਿਸ਼ਨਰ, ਚੰਡੀਗੜ੍ਹ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ।

ਮੀਟਿੰਗ ਵਿੱਚ ਐੱਸਐੱਸਪੀ (ਟ੍ਰੈਫਿਕ ਅਤੇ ਸੁਰੱਖਿਆ), ਐੱਸਡੀਐੱਮ, ਸਟੇਟ ਟ੍ਰਾਂਸਪੋਰਟ ਅਥਾਰਿਟੀ (ਐੱਸਟੀਏ), ਇੰਜੀਨੀਅਰਿੰਗ ਵਿਭਾਗ, ਸ਼ਹਿਰੀ ਯੋਜਨਾਬੰਦੀ ਵਿਭਾਗ, ਸਿਹਤ ਵਿਭਾਗ, ਨਗਰ ਨਿਗਮ ਚੰਡੀਗੜ੍ਹ ਅਤੇ ਨੈਸ਼ਨਲ ਹਾਈਵੇਜ਼ ਅਥਾਰਿਟੀ ਆਵ ? ਇੰਡੀਆ (ਐੱਨਐੱਚਏਆਈ) ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਮੀਟਿੰਗ ਦੇ ਦੌਰਾਨ ਪਿਛਲੀ ਮੀਟਿੰਗ ਵਿੱਚ ਲਏ ਗਏ ਨਿਰਣਿਆਂ 'ਤੇ ਐਕਸ਼ਨ ਟੇਕਨ ਰਿਪੋਰਟ (ਏਟੀਆਰ) ਕਮੇਟੀ ਦੇ ਸਾਹਮਣੇ ਪ੍ਰਸਤੁਤ ਕੀਤੀ ਗਈ। ਰਿਪੋਰਟ ਵਿੱਚ ਸੈਕਟਰ 14/25 ਅਤੇ ਸੈਕਟਰ 25/38 ਨੂੰ ਵੰਡਣ ਵਾਲੀ ਸੜਕ 'ਤੇ ਰੋਡ ਫਰਨੀਚਰ ਦੀ ਸਥਾਪਨਾ ਅਤੇ ਇੰਜੀਨੀਅਰਿੰਗ ਉਪਾਵਾਂ ਦੇ ਲਾਗੂਕਰਨ, ਖਰਾਬ ਟ੍ਰੈਫਿਕ ਸੰਕੇਤਕਾਂ ਦੀ ਮੁਰੰਮਤ ਅਤੇ ਬਦਲੀ, ਡੱਡੂਮਾਜਰਾ ਡੰਪਿੰਗ ਗਰਾਊਂਡ ਦੇ ਨੇੜੇ ਧਨਾਸ ਪੁਲ਼, ਮਟਕਾ ਚੌਕ ਅਤੇ ਇੰਡਸਟ੍ਰੀਅਲ ਏਰੀਆ ਫੇਜ਼-1 ਦੇ ਟੀ-ਪੁਆਇੰਟ 'ਤੇ ਆਟੋਮੈਟਿਕ ਟ੍ਰੈਫਿਕ ਕੰਟਰੋਲ (ਏਟੀਸੀ/1“3) ਸਿਗਨਲਾਂ ਦੀ ਸਥਾਪਨਾ ਅਤੇ ਪੰਚਕੂਲਾ ਅਤੇ ਬਲਟਾਣਾ ਮੋੜਾਂ 'ਤੇ ਟ੍ਰੈਫਿਕ ਸਿਗਨਲਾਂ ਦੀ ਵਿਵਸਥਾ ਦੇ ਜ਼ਰੀਏ ਟ੍ਰੈਫਿਕ ਪ੍ਰਬੰਧਨ ਨੂੰ ਬਿਹਤਰ ਬਣਾਉਣ ਅਤੇ ਜਾਮ ਘੱਟ ਕਰਨ ਸਬੰਧੀ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ। ਕਮੇਟੀ ਨੂੰ ਏਅਰਪੋਰਟ ਲਾਇਟ ਪੁਆਇੰਟ ਤੋਂ ਏਅਰਪੋਰਟ ਤੱਕ ਸੜਕ ਨੂੰ ਚੌੜਾ ਕਰਨ, ਟ੍ਰਾਂਸਪੋਰਟ ਚੌਕ ਤੋਂ ਟ੍ਰਿਬਿਊਨ ਚੌਕ ਅਤੇ ਕਾਲੀਬਾੜੀ ਲਾਇਟ ਪੁਆਇੰਟ ਤੋਂ ਸੈਕਟਰ 47 ਲਾਇਟ ਪੁਆਇੰਟ ਤੱਕ ਸਾਇਕਲ ਟ੍ਰੈਕਾਂ ਨੂੰ ਭੌਤਿਕ ਤੌਰ 'ਤੇ ਵੱਖ ਕਰਨ, ਸ਼ਨਾਖ਼ਤ ਕੀਤੇ ਘਾਤਕ ਦੁਰਘਟਨਾ ਸਥਾਨਾਂ 'ਤੇ ਸੜਕ ਇੰਜੀਨੀਅਰਿੰਗ ਉਪਾਵਾਂ ਦੇ ਲਾਗੂਕਰਨ, ਸਾਇਕਲ ਟ੍ਰੈਕਾਂ 'ਤੇ ਲੀਕੇਜ ਦੀ ਮੁਰੰਮਤ, ਪ੍ਰਮੁੱਖ ਚੌਰਾਹਿਆਂ 'ਤੇ ਟ੍ਰੈਫਿਕ ਪੁਲਿਸ ਸਹਾਇਤਾ ਬੂਥਾਂ ਦੀ ਸਥਾਪਨਾ ਅਤੇ ਸ਼ਹਿਰ ਭਰ ਵਿੱਚ ਰੇਹੜੀ-ਫੜ੍ਹੀ ਵਿਕ੍ਰੇਤਾਵਾਂ ਦੁਆਰਾ ਕੀਤੇ ਗਏ ਕਬਜ਼ਿਆਂ ਵਿਰੁੱਧ ਕੀਤੀ ਗਈ ਕਾਰਵਾਈ ਤੋਂ ਵੀ ਜਾਣੂ ਕਰਵਾਇਆ ਗਿਆ।

ਪ੍ਰਧਾਨ ਮੰਤਰੀ ਰਾਹਤ ਸਕੀਮ (ਪੀਐੱਮ ਰਾਹਤ ਸਕੀਮ), ਜਿਸ ਨੂੰ ਸੜਕ ਦੁਰਘਟਨਾ ਪੀੜਿਤਾਂ ਨੂੰ ਕੈਸ਼ਲੈੱਸ ਇਲਾਜ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਦੁਆਰਾ ਸ਼ੁਰੂ ਕੀਤਾ ਗਿਆ ਹੈ, ਦੀ ਵੀ ਵਿਸਤਾਰ ਨਾਲ ਸਮੀਖਿਆ ਕੀਤੀ ਗਈ।

# ਅੰਮ੍ਰਿਤਸਰ ਦਿਹਾਤੀ ਪੁਲਸ ਦਾ ਵੱਡਾ ਐਕਸ਼ਨ: ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ 5 ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ/ਜਲੰਧਰ 24 ਜੂਨ। ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੇ ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿਚੋਂ 10 ਪਿਸਤੌਲ, 14 ਮੈਗਜ਼ੀਨ ਅਤੇ 28 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਨ੍ਹਾਂ ਵਿਚੋਂ ਥਾਣਾ ਲੋਪੋਕੇ ਦੀ ਪੁਲਸ ਨੇ ਪਾਕਿਸਤਾਨ ਤੋਂ ਡਰੋਨ ਰਾਹੀਂ ਸਪਲਾਈ ਕੀਤੇ ਗਏ 5 ਪਿਸਤੌਲ, 9 ਮੈਗਜ਼ੀਨ, 20 ਜ਼ਿੰਦਾ ਕਾਰਤੂਸ ਰਿਕਵਰ ਕੀਤੇ, ਜਦਕਿ ਥਾਣਾ ਘਰਿੰਡਾ ਦੀ ਪੁਲਸ ਨੇ 3 ਵਿਦੇਸ਼ੀ ਪਿਸਤੌਲ ਅਤੇ ਥਾਣਾ ਜੰਡਿਆਲਾ ਦੀ ਪੁਲਸ ਨੇ 2 ਵਿਦੇਸ਼ੀ ਗਲੌਕ ਪਿਸਤੌਲ ਬਰਾਮਦ ਕੀਤੇ। ਥਾਣਾ ਲੋਪੋਕੇ ਦੀ ਪੁਲਸ ਨੇ ਨਾਕਾਬੰਦੀ ਦੌਰਾਨ ਸ਼ੱਕੀ ਹਾਲਤ ਵਿਚ ਆ ਰਹੇ ਜਸਕਰਨ ਸਿੰਘ ਨੌਨਾ ਨੂੰ ਗ੍ਰਿਫ਼ਤਾਰ ਕੀਤਾ, ਜਿਸ ਦੇ ਕਬਜ਼ੇ ਵਿਚੋਂ 5 ਪਿਸਤੌਲ, 9 ਮੈਗਜ਼ੀਨ ਅਤੇ 20 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਹ ਖੁਲਾਸਾ ਡੀ. ਆਈ. ਜੀ. ਬਾਰਡਰ ਰੇਂਜ ਹਰਮਨਬੀਰ ਸਿੰਘ ਗਿੱਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐੱਸ. ਐੱਸ. ਪੀ. ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਜਸਕਰਨ ਸਿੰਘ ਪਿੰਡ ਦੇ ਹੀ ਚੰਨਾ ਦੇ ਇਸ਼ਾਰੇ 'ਤੇ ਸਰਹੱਦੀ ਖੇਤਰ ਵਿਚ ਪਾਂਡੀ ਦਾ ਕੰਮ ਕਰਦਾ ਸੀ। ਚੰਨਾ ਕਿਸੇ ਅਣਪਛਾਤੀ ਥਾਂ 'ਤੇ ਰਹਿ ਰਿਹਾ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਵਿਸ਼ੇਸ਼ ਟੀਮ ਲਗਾਈ ਗਈ ਹੈ। ਇਸੇ ਤਰ੍ਹਾਂ ਐੱਸ. ਐੱਸ. ਪੀ. ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ 25 ਜਨਵਰੀ ਨੂੰ ਯੁੱਧਵੀਰ ਸਿੰਘ ਅਤੇ ਉਸ ਦੇ ਸਾਥੀ ਨਰੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ



ਵਿਚੋਂ 30 ਬੋਰ ਦੀ ਵਿਦੇਸ਼ੀ ਪਿਸਤੌਲ ਅਤੇ 400 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਪੁੱਛਗਿੱਛ ਦੌਰਾਨ ਨਰੇਸ਼ ਕੁਮਾਰ ਨੇ ਮੰਨਿਆ ਸੀ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ. ਆਈ. ਦੇ ਸਮੱਗਲਰ ਰਾਣਾ ਦੇ ਸੰਪਰਕ ਵਿਚ ਹੈ। ਅਪ੍ਰੈਲ 2026 ਵਿਚ ਰਵਲਜੀਤ ਸਿੰਘ ਅਤੇ ਉਸ ਦੇ ਸਾਥੀ ਨਿਸ਼ਾਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਦੇ ਕਬਜ਼ੇ ਵਿਚੋਂ 9 ਐੱਮ. ਐੱਮ. ਦੇ 2 ਪਿਸਤੌਲ ਅਤੇ 8 ਜ਼ਿੰਦਾ ਕਾਰਤੂਸ ਰਿਕਵਰ ਕੀਤੇ ਗਏ ਸਨ। ਇਸ ਤੋਂ ਇਲਾਵਾ ਥਾਣਾ ਘਰਿੰਡਾ ਦੀ ਪੁਲਸ ਨੇ ਦਵਿੰਦਰ ਸਿੰਘ ਅਤੇ ਰਾਜਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿਚੋਂ 2 ਹੈਂਡ ਗ੍ਰੇਨੇਡ ਅਤੇ 7 ਵਿਦੇਸ਼ੀ ਪਿਸਤੌਲ ਬਰਾਮਦ ਕੀਤੇ ਸਨ। ਪੁੱਛਗਿੱਛ ਵਿਚ ਮੁਲਜ਼ਮਾਂ ਨੇ ਮੰਨਿਆ ਸੀ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ. ਆਈ. ਨਾਲ ਜੁੜੇ ਸਮੱਗਲਰਾਂ ਦੇ ਸੰਪਰਕ ਵਿਚ ਹਨ, ਜਿਸ ਤੋਂ ਬਾਅਦ ਮੁਲਜ਼ਮਾਂ ਨੇ ਜੇਲ ਵਿਚ ਬੰਦ ਹਰਵੰਤ ਸਿੰਘ ਹੈਰੀ ਦਾ ਨਾਮ ਉਗਲਿਆ, ਜਿਸ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। ਪੁੱਛਗਿੱਛ ਵਿਚ ਹਰਵੰਤ ਸਿੰਘ ਨੇ ਵੀ ਮੰਨਿਆ ਕਿ ਉਸ ਨੇ ਅੰਤਰਰਾਸ਼ਟਰੀ ਅੱਤਵਾਦੀ ਗੈਂਗਸਟਰ ਹੈਪੀ ਪਾਸੀਆ ਦੇ ਇਸ਼ਾਰੇ 'ਤੇ ਮਜੀਠਾ ਸਥਿਤ ਇਕ ਸ਼ਰਾਬ ਦੇ ਠੇਕੇ 'ਤੇ ਪੈਟਰੋਲ ਬੰਬ ਸੁੱਟਿਆ ਸੀ। ਪੁਲਸ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਲਗਾਤਾਰ ਪੁੱਛਗਿੱਛ ਅਤੇ ਜਾਂਚ ਕਰ ਰਹੀ ਹੈ।

### ਈਰਾਨ-ਅਮਰੀਕਾ ਜੰਗਬੰਦੀ ਤੋਂ ਬਾਅਦ ਬਾਸਮਤੀ ਨਿਰਯਾਤ ਨੂੰ ਮਿਲੇਗੀ ਨਵੀਂ ਰਫ਼ਤਾਰ

ਚੰਡੀਗੜ੍ਹ 24 ਜੂਨ। ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਜੰਗਬੰਦੀ ਸਮਝੌਤੇ ਨਾਲ ਬਾਸਮਤੀ ਚੌਲਾਂ ਦੇ ਨਿਰਯਾਤਕਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਚੱਲ ਰਹੀ ਜੰਗ ਕਾਰਨ ਬਾਸਮਤੀ ਦਾ ਨਿਰਯਾਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ, ਪਰ ਹੁਣ ਹਾਲਾਤ ਸੁਧਰਨ ਦੀ ਆਸ ਜਾਗੀ ਹੈ। ਨਿਰਯਾਤਕਾਂ ਅਨੁਸਾਰ ਜੰਗਬੰਦੀ ਤੋਂ ਬਾਅਦ ਹੁਣ ਰੁਕਿਆ ਹੋਇਆ ਨਿਰਯਾਤ ਦੁਬਾਰਾ ਤੇਜ਼ੀ ਫੜ੍ਹੇਗਾ। ਜੰਗ ਦੇ ਕਾਰਨ ਪਿਛਲੇ ਕੁੱਝ ਮਹੀਨਿਆਂ 'ਚ ਬਾਸਮਤੀ ਨਿਰਯਾਤਕਾਂ ਨੂੰ ਲਗਭਗ 500 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਝੱਲਣਾ ਪਿਆ ਹੈ। ਜੰਗ ਸ਼ੁਰੂ ਹੁੰਦਿਆਂ ਹੀ ਈਰਾਨ ਨੇ ਹੋਰਮੁਜ਼ ਜਲਡਮਰੂਮੱਧ ਸਮੁੰਦਰੀ ਮਾਰਗ ਬੰਦ ਕਰ ਦਿੱਤਾ ਸੀ, ਜਿਸ ਕਾਰਨ ਦੇਸ਼ ਤੋਂ ਹੋਣ ਵਾਲਾ ਮਹੀਨਾਵਾਰ 5 ਲੱਖ ਟਨ ਦਾ ਨਿਰਯਾਤ ਘਟ ਕੇ ਸਿਰਫ਼ 2 ਲੱਖ ਟਨ ਤੱਕ ਸਿਮਟ ਗਿਆ ਸੀ। ਸਮੁੰਦਰੀ ਰਸਤੇ ਬੰਦ ਹੋਣ ਕਾਰਨ ਲਗਭਗ 10 ਲੱਖ ਟਨ ਬਾਸਮਤੀ ਗੁਜਰਾਤ ਅਤੇ ਈਰਾਨ ਦੀਆਂ ਬੰਦਰਗਾਹਾਂ 'ਤੇ ਅਟਕੀ ਹੋਈ ਹੈ। ਪੰਜਾਬ ਬਾਸਮਤੀ ਮਿਲਰਜ਼ ਐਂਡ ਐਕਸਪੋਰਟ ਐਸੋਸੀਏਸ਼ਨ ਅਨੁਸਾਰ ਬਦਲਵੇਂ ਮਾਰਗਾਂ ਦੀ ਵਰਤੋਂ ਕਾਰਨ ਢੋਆ-ਢੁਆਈ (ਦੀ ਲਾਗਤ ਸੱਤ ਗੁਣਾ ਵੱਧ ਗਈ ਸੀ। ਪਹਿਲਾਂ ਪ੍ਰਤੀ ਕੰਟੇਨਰ ਲਾਗਤ 400 ਡਾਲਰ ਸੀ, ਜੋ ਵੱਧ ਕੇ 3,000 ਡਾਲਰ ਤੱਕ ਪਹੁੰਚ ਗਈ।

## ਪੰਜਾਬ ਭਾਜਪਾ ਦੇ ਬੁਲਾਰੇ ਯਾਦਵਿੰਦਰ ਸਿੰਘ ਬੁੱਟਰ ਨੇ ਕੇਵਲ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ 24 ਜੂਨ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਤੇ ਸੀਨੀਅਰ ਆਗੂ ਯਾਦਵਿੰਦਰ ਸਿੰਘ ਬੁੱਟਰ ਵੱਲੋਂ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿਖੇ ਪੰਜਾਬ ਭਾਜਪਾ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਸ ਕੇਵਲ ਸਿੰਘ ਢਿੱਲੋਂ ਨਾਲ ਵਿਸ਼ੇਸ਼ ਮੁਲਾਕਾਤ ਕਰ ਕੇ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ। ਇਸ ਦੌਰਾਨ ਭਾਜਪਾ ਆਗੂ ਯਾਦਵਿੰਦਰ ਸਿੰਘ ਬੁੱਟਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਦੇ ਰੋਡਮੈਪ ਅਤੇ ਪੰਜਾਬ ਦੇ ਕਿਸਾਨ, ਨੌਜਵਾਨ ਤੇ ਸੂਬੇ ਦੇ ਮੌਜੂਦਾ ਰਾਜਨੀਤਿਕ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਗੱਲ 'ਤੇ ਸਹਿਮਤੀ ਬਣੀ ਕਿ ਪਾਰਟੀ ਦੇ ਹਰ ਵਰਕਰ ਨੂੰ ਸਰਗਰਮ ਕਰਕੇ ਪੰਜਾਬ ਭਾਜਪਾ ਨੂੰ ਹੋਰ ਮਜ਼ਬੂਤ ਅਤੇ ਲੋਕਮੁਖੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਵ ਨਿਯੁਕਤ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ



ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਹਾਰਦਿਕ ਵਧਾਈ ਤੇ ਸ਼ੁਭਕਾਮਨਾਵਾਂ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਇਸ ਗਲ ਦਾ ਪੂਰਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਤਜ਼ਰਬੇ ਅਤੇ ਅਗਵਾਈ ਹੇਠ ਪੰਜਾਬ ਭਾਜਪਾ ਆਮ ਲੋਕਾਂ ਦੇ ਮਸਲੇ ਹੋਰ ਤਾਕਤ ਨਾਲ ਉਠਾਏਗੀ। ਉਨ੍ਹਾਂ ਕਿਹਾ ਕਿ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਜਨ-ਹਿਤੈਸ਼ੀ ਨੀਤੀਆਂ ਅਤੇ ਵਿਕਾਸ ਦੇ ਕੰਮਾਂ ਕਾਰਨ ਦੇਸ਼ ਦੁਨੀਆ 'ਚ ਨਵੀਂ ਪਛਾਣ ਬਣਾ ਰਿਹਾ ਹੈ। ਕਿਸਾਨ ਸਨਮਾਨ ਨਿਧੀ, ਆਯੁਸ਼ਮਾਨ ਭਾਰਤ, ਜਲ ਜੀਵਨ ਮਿਸ਼ਨ ਅਤੇ ਬੁਨਿਆਦੀ ਢਾਂਚੇ ਦੇ ਵੱਡੇ ਪ੍ਰੋਜੈਕਟਾਂ ਨੇ ਹਰ ਵਰਗ ਨੂੰ ਲਾਭ ਦਿੱਤਾ ਹੈ। ਇਨ੍ਹਾਂ ਉਪਲੱਬਧੀਆਂ ਨੂੰ ਘਰ-ਘਰ ਪਹੁੰਚਾਉਣਾ ਹੀ ਹੁਣ ਸਾਡਾ ਮੁੱਖ ਮਕਸਦ ਹੈ। ਅੰਤ ਵਿਚ ਉਨ੍ਹਾਂ ਕਿਹਾ ਕਿ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਤੇ ਬਟਾਲਾ ਦੇ ਸਾਡੇ ਕਾਰਕੁਨਾਂ 'ਚ ਇਸ ਨਵੀਂ ਅਗਵਾਈ ਅਤੇ ਕੇਂਦਰ ਦੇ ਕੰਮਾਂ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਅਸੀਂ ਸਭ ਮਿਲ ਕੇ 'ਵਿਕਸਿਤ ਪੰਜਾਬ, ਵਿਕਸਿਤ ਭਾਰਤ' ਦੇ ਸੰਕਲਪ ਨੂੰ ਜ਼ਮੀਨ 'ਤੇ ਉਤਾਰਨ ਲਈ ਵਚਨਬੱਧ ਹਾਂ। ਢਿੱਲੋਂ ਨਾਲ ਬੁੱਟਰ ਦੀ ਮੁਲਾਕਾਤ ਦੌਰਾਨ 'ਵਿਕਸਿਤ ਪੰਜਾਬ, ਵਿਕਸਤ ਭਾਰਤ 'ਤੇ ਜ਼ੋਰ ਦਿੱਤਾ ਗਿਆ।

# ਜਲੰਧਰ 'ਚ ਗੋਲੀਆਂ ਚੱਲਣ ਦੇ ਮਾਮਲੇ 'ਚ ਵੱਡੇ ਖ਼ੁਲਾਸੇ !

**ਕੌਮੀ ਪਤ੍ਰਿਕਾ**

ਜਲੰਧਰ 24 ਜੂਨ। ਸ਼ਹੀਦ ਬਾਬੂ ਲਾਭ ਸਿੰਘ ਨਗਰ ਦੇ ਜੱਸਾ ਪੁਲ 'ਤੇ ਬੀਤੇ ਦਿਨ ਗੋਲ?ੀਆਂ ਚਲਾ ਦਿੱਤੀਆਂ ਗਈਆਂ ਸਨ। ਦਰਅਸਲ ਆਪਣੇ ਦੋਸਤ ਕੰਨੂ ਗੁੱਜਰ ਨੂੰ ਦੁਸ਼ਮਣ ਨਿਤੀਸ਼ ਉਰਫ਼ ਗੁੱਲੀ ਨਾਲ ਖੜ੍ਹਾ ਵੇਖ ਕੇ ਅਮਰਜੀਤ ਸਿੰਘ ਅਮਰੀ ਗੁੱਸੇ 'ਚ ਆ ਗਿਆ ਅਤੇ ਕੰਨੂ ਗੁੱਜਰ ਨਾਲ ਗਾਲੀ-ਗਲੋਚ ਕਰਨੀ ਸ਼ੁਰੂ ਕਰ ਦਿੱਤੀ। ਜਿਵੇਂ ਹੀ ਕੰਨੂ ਗੁੱਜਰ ਅਤੇ ਉਸ ਦੇ ਨਾਲ ਖੜ੍ਹੇ ਰਾਹੁਲ ਨੇ ਅਮਰਜੀਤ ਦਾ ਵਿਰੋਧ ਕੀਤਾ ਤਾਂ ਅਮਰਜੀਤ ਨਾਲ ਆਏ ਪੈਨੀ ਨਿਹੰਗ ਨੇ ਪਿਸਤੌਲ ਕੱਢ ਲਈ ਅਤੇ ਫਾਇਰਿੰਗ ਕਰ ਦਿੱਤੀ। ਫਾਇਰਿੰਗ ਦੌਰਾਨ ਇਕ ਗੋਲ?ੀ ਰਾਹੁਲ ਨਾਂ ਦੇ ਨੌਜਵਾਨ ਦੇ ਪੇਟ 'ਚ ਜਾ ਲੱਗੀ, ਜਿਸ ਤੋਂ ਬਾਅਦ ਅਮਰਜੀਤ ਸਿੰਘ, ਪੈਨੀ ਨਿਹੰਗ ਆਪਣੇ ਸਾਥੀਆਂ ਸਮੇਤ ਗੱਡੀ 'ਚ ਸਵਾਰ ਹੋ ਕੇ ਫ਼ਰਾਰ ਹੋ ਗਏ। ਜਲਦੀ-ਜਲਦੀ 'ਚ ਰਾਹੁਲ ਨੂੰ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ। ਦੇਰ ਰਾਤ



ਜੱਸਾ ਪੁਲ 'ਤੇ ਹੋਈ ਫਾਇਰਿੰਗ ਦੀ ਸੂਚਨਾ ਮਿਲਦਿਆਂ ਹੀ ਏ. ਡੀ. ਸੀ. ਪੀ. ਰਾਕੇਸ਼ ਯਾਦਵ, ਏ. ਡੀ. ਸੀ. ਪੀ. ਜਯੰਤ ਪੁਰੀ, ਏ. ਐੱਸ. ਪੀ. ਨਾਰਥ ਅਸ਼ੋਕ ਮੀਨਾ ਸਮੇਤ ਕਈ ਥਾਣਿਆਂ ਦੀ ਪੁਲਸ, ਸੀ.ਆਈ.ਏ. ਸਟਾਫ਼ ਅਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਪੁਲਸ ਨੇ ਇਕ ਗੋਲ?ੀ ਦਾ ਖੋਲ ਮੌਕੇ ਤੋਂ ਬਰਾਮਦ ਕੀਤਾ ਹੈ। ਗੋਲ?ੀ ਲੱਗਣ ਨਾਲ ਜ਼ਖ਼ਮੀ ਹੋਏ ਨੌਜਵਾਨ ਰਾਹੁਲ ਸਭਰਵਾਲ ਪੁੱਤਰ ਰਾਕੇਸ਼ ਕੁਮਾਰ ਨਿਵਾਸੀ ਆਰੀਆ ਨਗਰ ਖ਼?ਲਾਫ਼ ਕਤਲ ਸਮੇਤ ਕੁੱਟਮਾਰ ਦੇ ਤਿੰਨ ਕੇਸ ਦਰਜ ਹਨ। ਰਾਹੁਲ ਨੂੰ ਸੱਤਾ ਮਰਡਰ ਕੇਸ 'ਚ ਗੁੱਲੀ ਸਮੇਤ ਹੋਰ ਮੁਲਜ਼ਮਾਂ ਨਾਲ ਨਾਮਜ਼ਦ ਕੀਤਾ ਗਿਆ ਸੀ। ਉੱਧਰ ਰਾਹੁਲ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਸੀ। ਥਾਣਾ ਇਕ 'ਚ ਅਮਰਜੀਤ ਸਿੰਘ ਅਮਰੀ, ਪੈਨੀ ਨਿਹੰਗ ਸਮੇਤ ਅਣਪਛਾਤੇ ਲੋਕਾਂ ਖ਼?ਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਸਾਰੇ ਮੁਲਜ਼ਮ ਘਰਾਂ ਤੋਂ ਫ਼ਰਾਰ ਹਨ, ਜਿਨ੍ਹਾਂ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ। ਅਮਰਜੀਤ ਸਿੰਘ ਵੀ ਇਕ ਹਮਲੇ ਦੇ ਕੇਸ 'ਚ ਜ਼ਮਾਨਤ 'ਤੇ ਹੈ। ਅਮਰਜੀਤ ਸਿੰਘ, ਰਾਹੁਲ, ਗੁੱਲੀ ਆਦਿ ਸਾਰੇ ਆਸ-ਪਾਸ ਦੇ ਘਰਾਂ 'ਚ ਹੀ ਰਹਿੰਦੇ ਹਨ। ਪੁਲਸ ਨੇ ਜਦੋਂ ਅਮਰਜੀਤ ਸਿੰਘ ਦੇ ਘਰ ਛਾਪਾ ਮਾਰਿਆ ਤਾਂ ਉੱਥੇ ਜਿੰਦਰਾ ਲਟਕਦਾ ਮਿਲਿਆ। ਪੁਲਸ ਜਿੰਦਰਾ ਤੋੜ ਕੇ ਘਰ 'ਚ ਦਾਖ਼ਲ ਹੋਈ ਅਤੇ ਤਲਾਸ਼ੀ ਵੀ ਲਈ ਪਰ ਕੁਝ ਨਹੀਂ ਮਿਲਿਆ। ਏ. ਡੀ. ਸੀ. ਪੀ. ਜਯੰਤ ਪੁਰੀ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਕਾਨੂੰਨ ਵਿਵਸਥਾ ਨੂੰ ਤੋੜਿਆ ਹੈ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਜਲਦ ਹੀ ਸਾਰਿਆਂ ਦੀਆਂ ਗ੍ਰਿਫ਼ਤਾਰੀਆਂ ਹੋਣਗੀਆਂ। ਫਰਵਰੀ 2023 'ਚ ਹੋਏ ਸੱਤਾ ਮਰਡਰ ਕੇਸ 'ਚ ਗੁੱਲੀ ਨਾਂ ਦੇ ਨੌਜਵਾਨ ਨੂੰ ਮੁੱਖ ਮੁਲਜ਼ਮ ਬਣਾਇਆ ਗਿਆ ਸੀ। ਦਰਅਸਲ ਅਮਰਜੀਤ ਸਿੰਘ ਗੁੱਲੀ ਨਾਲ ਇਸ ਲਈ ਰੰਜਿਸ਼ ਰੱਖਦਾ ਸੀ ਕਿਉਂਕਿ ਗੁੱਲੀ ਨੇ ਕੁਝ ਸਮਾਂ ਪਹਿਲਾਂ ਅਮਰਜੀਤ ਸਿੰਘ 'ਤੇ ਹਮਲਾ ਕੀਤਾ ਸੀ। ਗੁੱਲੀ ਵੀ ਮਰਡਰ ਕੇਸ 'ਚ ਜ਼ਮਾਨਤ 'ਤੇ ਹੈ, ਜੋ ਮੰਗਲਵਾਰ ਦੇਰ ਰਾਤ ਰਾਹੁਲ ਦੇ ਨਾਲ ਕੰਨੂ ਗੁੱਜਰ ਦੇ ਘਰ ਦੇ ਕੋਲ (ਜੱਸਾ ਪੁਲ ਦੇ ਨੇੜੇ) ਖੜ੍ਹੇ ਹੋ ਕੇ ਗੱਲਾਂ ਕਰ ਰਹੇ ਸਨ। ਇਸੇ ਦੌਰਾਨ ਸ਼ਰਾਬ ਦੇ ਨਸ਼ੇ 'ਚ ਆਪਣੇ ਸਾਥੀਆਂ ਸਮੇਤ ਬੋਲੈਰੋ 'ਚ ਸਵਾਰ ਹੋ ਕੇ ਆਇਆ ਅਮਰਜੀਤ ਗੁੱਲੀ ਨੂੰ ਵੇਖ ਕੇ ਗੁੱਸੇ 'ਚ ਆ ਗਿਆ ਅਤੇ ਗੁੱਲੀ ਦੇ ਨਾਲ-ਨਾਲ ਕੰਨੂ ਗੁੱਜਰ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕੰਨੂ ਗੁੱਜਰ ਕਾਫ਼ੀ ਸਮੇਂ ਤੋਂ ਅਪਰਾਧ ਦੀ ਦੁਨੀਆ ਤੋਂ ਦੂਰ ਹੈ, ਜਿਸ ਨੇ ਅਮਰਜੀਤ ਸਿੰਘ ਨੂੰ ਸ਼ਾਂਤੀ ਬਣਾਈ ਰੱਖਣ ਲਈ ਕਿਹਾ ਪਰ ਅਮਰਜੀਤ ਨਸ਼ੇ 'ਚ ਹੋਣ ਕਾਰਨ ਆਪਾ ਖੋਹ ਬੈਠਾ ਅਤੇ ਕੰਨੂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਅਮਰਜੀਤ ਸਿੰਘ ਦੇ ਨਾਲ ਆਏ ਪੈਨੀ ਨਿਹੰਗ ਨੇ ਪਿਸਤੌਲ ਕੱਢ ਲਈ। ਜਿਵੇਂ ਹੀ ਪੈਨੀ ਨੇ ਪਿਸਤੌਲ ਕੱਢੀ ਤਾਂ ਰਾਹੁਲ ਅਤੇ ਗੁੱਲੀ ਨੇ ਵੀ ਵਿਰੋਧ ਜਤਾਉਣਾ ਸ਼ੁਰੂ ਕਰ ਦਿੱਤਾ ਪਰ ਤੈਸ਼ 'ਚ ਆਏ ਪੈਨੀ ਨੇ ਫਾਇਰਿੰਗ ਕਰ ਦਿੱਤੀ। ਸੂਤਰਾਂ ਦੀ ਮੰਨੀਏ ਤਾਂ ਪੈਨੀ ਨੇ ਕੁਝ ਦੂਰੀ 'ਤੇ ਜਾ ਕੇ 2 ਤੋਂ 3 ਫਾਇਰ ਕੀਤੇ, ਜਿਨ੍ਹਾਂ ਵਿਚੋਂ ਇਕ ਗੋਲੀ ਰਾਹੁਲ ਦੇ ਪੇਟ 'ਚ ਲੱਗ ਗਈ। ਦੱਸ ਦੇਈਏ ਕਿ 11 ਫਰਵਰੀ 2023 ਨੂੰ ਬਰਲਟਨ ਪਾਰਕ 'ਚ ਸੱਤਾ ਘੁੰਮਣ ਦੀ ਲਾਸ਼ ਬਰਾਮਦ ਹੋਈ ਸੀ। ਸੱਤਾ ਦੇ ਸਰੀਰ 'ਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਸਨ ਅਤੇ ਉਹ ਖ਼ੂਨ ਨਾਲ ਲੱਥਪੱਥ ਮ੍ਰਿਤਕ ਪਾਇਆ ਗਿਆ ਸੀ। ਸੱਤਾ ਅਤੇ ਨਿਤੀਸ਼ ਉਰਫ਼ ਗੁੱਲੀ ਵਿਚਾਲੇ ਨਵੀਂ ਸਬਜ਼ੀ ਮੰਡੀ ਮਕਸੂਦਾਂ 'ਚ ਨਾਜਾਇਜ਼ ਵਸੂਲੀ ਨੂੰ ਲੈ ਕੇ ਤਕਰਾਰ ਚੱਲ ਰਹੀ ਸੀ। ਵਸੂਲੀ ਲਈ ਦੋਵੇਂ ਆਪਣਾ ਦਾਅਵਾ ਠੋਕ ਰਹੇ ਸਨ। ਇਸੇ ਵਿਵਾਦ ਕਾਰਨ ਗੁੱਲੀ ਨੇ 11 ਫਰਵਰੀ 2023 ਨੂੰ ਰਾਹੁਲ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਬਰਲਟਨ ਪਾਰਕ 'ਚ ਉਸ ਨੂੰ ਘੇਰ ਲਿਆ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਦਾ ਕਤਲ ਕਰ ਦਿੱਤਾ ਸੀ। ਕਤਲ ਦੇ ਕਰੀਬ ਤਿੰਨ ਦਿਨਾਂ ਬਾਅਦ ਹੀ ਜਲੰਧਰ ਪੁਲਸ ਨੇ ਗੁੱਲੀ ਅਤੇ ਰਾਹੁਲ ਨੂੰ ਇਕ ਹੋਰ ਸਾਥੀ ਸਮੇਤ ਰਾਜਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ ਸੀ।

# ਬਰਨਾਲਾ ਦੇ ਪਿੰਡ ਵਿਚ ਨਹਿਰੀ ਖਾਲਾ ਬਣਾਉਣ ਨੂੰ ਲੈ ਕੇ ਭੱਖਿਆ ਮਾਹੌਲ

**ਕੌਮੀ ਪਤ੍ਰਿਕਾ**

ਬਰਨਾਲਾ 24 ਜੂਨ। ਬਰਨਾਲਾ ਦੇ ਕਰੀਬੀ ਪਿੰਡ ਕਾਹਨੇ-ਕੇ ਵਿਚ ਖੇਤ ਵਿਚ ਨਹਿਰੀ ਖਾਲਾ ਬਣਾਉਣ ਨੂੰ ਲੈ ਕੇ ਦੋ ਧਿਰਾਂ ਆਹਮੋ-ਸਾਹਮਣੇ ਹੋ ਗਈਆਂ। ਇਸ ਦੌਰਾਨ ਇਕ ਧਿਰ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਖੇਤ ਵਿਚ ਬੀਜੀ ਫ਼ਸਲ ਨੂੰ ਉਜਾੜ ਕੇ ਜ਼ਬਰਦਸਤੀ ਖਾਲਾ ਪਾਇਆ ਜਾ ਰਿਹਾ ਹੈ, ਉੱਥੇ ਹੀ ਦੂਜੀ ਧਿਰ ਨੇ ਕਿਹਾ ਕਿ 30-35 ਸਾਲ ਪਹਿਲਾਂ ਤਕ ਇਸ ਜਗ?ਹਾ 'ਤੇ ਖਾਲਾ ਹੁੰਦਾ ਸੀ, ਜਿਸ ਨੂੰ ਪਹਿਲੀ ਧਿਰ ਨੇ ਬੰਦ ਕਰਰ ਦਿੱਤਾ ਸੀ। ਇਸ ਮੌਕੇ ਕਿਸਾਨ ਹਰਦੀਪ ਸਿੰਘ ਤੇ ਬਲਵੀਰ ਸਿੰਘ ਨੇ ਕਿਹਾ ਕਿ ਨਹਿਰੀ ਵਿਭਾਗ ਨੇ ਦੂਜੀ ਧਿਰ ਨਾਲ ਰਲ? ਕੇ ਮਿਲੀਭੁਗਤ ਨਾਲ ਉਨ੍ਹਾਂ ਦੇ ਖੇਤ ਵਿਚ ਬੀਜੀ ਗਈ ਫ਼ਸਲ ਨੂੰ ਉਜਾੜ ਕੇ ਜ਼ਬਰਦਸਤੀ ਨਹਿਰੀ ਖਾਲਾ ਪਾਇਆ ਜਾ ਰਿਹਾ ਹੈ, ਇਸ ਨੂੰ ਲੈ ਕੇ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿਚ ਵੀ ਇਸ ਸਬੰਧੀ ਅਪੀਲ ਦਾਖ਼ਲ ਕੀਤੀ ਸੀ। ਹਰਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਦਾਦੇ-ਪੜਦਾਦੇ ਵੇਲੇ ਇਹ ਖਾਲਾ ਨਹੀਂ ਸੀ। ਉਨ੍ਹਾਂ ਦੇ 16 ਏਕੜ ਰਕਬੇ ਵਿਚ ਇਹ 4 ਏਕੜ ਦੀ ਵਾਹੀਯੋਗ ਜ਼ਮੀਨ ਵਿਚ ਇਹ ਖਾਲਾ ਜ਼ਬਰਦਸਤੀ ਪਾਇਆ ਜਾ ਰਿਹਾ ਹੈ। ਬਲਵੀਰ ਸਿੰਘ ਨੇ ਵੀ ਕਿਹਾ ਕਿ 50 ਸਾਲ



ਤਕ ਇੱਥੇ ਕੋਈ ਖਾਲਾ ਨਹੀਂ ਸੀ ਤੇ ਹੁਣ ਜ਼ਬਰਦਸਤੀ ਇਹ ਖਾਲਾ ਪਾਇਆ ਜਾ ਰਿਹਾ ਹੈ। ਅਫ਼ਸਰਾਂ ਨੇ ਉਨ੍ਹਾਂ ਨੂੰ ਕੋਈ ਨਕਸ਼ਾ ਵੀ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਨਹਿਰੀ ਵਿਭਾਗ ਅੰਡਰਗ੍ਰਾਂਊਡ ਪਾਈਪਾਂ ਰਾਹੀਂ ਕਿਸਾਨਾਂ ਨੂੰ ਪਾਣੀ ਦੀ ਸਪਲਾਈ ਪਹੁੰਚਾਉਣਾ ਚਾਹੇ ਤਾਂ ਉਹ ਪੂਰਾ ਸਹਿਯੋਗ ਕਰਨ ਲਈ ਤਿਆਰ ਨਹੀਂ, ਪਰ ਇਸ ਤਰ੍ਹਾਂ ਜ਼ਬਰਦਸਤੀ ਖਾਲਾ ਬਣਾਉਣਾ ਸ਼ਰੇਆਮ ਧੱਕੇਸ਼ਾਹੀ ਹੈ। ਉੱਥੇ ਹੀ ਦੂਜੀ ਧਿਰ ਦੇ ਕਿਸਾਨ ਖੁਸ਼ਪ੍ਰੀਤ ਸਿੰਘ ਨੇ ਕਿਹਾ ਕਿ 1976 ਦੇ ਰਿਕਾਰਡ ਮਗਰੋਂ ਨਹਿਰੀ ਪਾਣੀ ਦਾ ਹੱਕ ਉਨ੍ਹਾਂ ਦੇ ਕਿਸਾਨਾਂ ਨੂੰ ਨਹੀਂ ਮਿਲ ਰਿਹਾ ਸੀ। 30-35 ਸਾਲ ਪਹਿਲਾਂ ਇਹ ਖਾਲਾ ਦੂਜੀ ਧਿਰ ਵੱਲੋਂ ਬੰਦ ਕਰ ਦਿੱਤਾ ਗਿਆ ਸੀ, ਜਿਸ ਮਗਰੋਂ ਉਨ੍ਹਾਂ ਨੇ ਸਰਕਾਰ ਦੇ ਹੁਕਮਾਂ ਤਹਿਤ ਨਹਿਰੀ ਵਿਭਾਗ, ਐੱਸ. ਡੀ. ਐੱਮ. ਤੇ ਐਕਸੀਅਨ ਦੇ ਕੋਲ ਅਪੀਲ ਕੀਤੀ ਸੀ। ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਦੇ ਹੁਕਮਾਂ ਤਹਿਤ ਹੀ ਅੱਜ ਨਹਿਰੀ ਵਿਭਾਗ ਤੇ ਪੁਲਸ ਪ੍ਰਸ਼ਾਸਨ ਦੀ ਅਗਵਾਈ ਵਿਚ ਸ਼ਾਂਤੀਪੂਰਨ ਤਰੀਕੇ ਨਾਲ ਇਹ ਖਾਲਾ ਪਾਇਆ ਗਿਆ ਹੈ, ਜਿਸ ਨਾਲ 10 ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਮਿਲੇਗਾ। ਉਨ੍ਹਾਂ ਨੇ ਧੱਕੇਸ਼ਾਹੀ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸਭ ਕੁਝ ਕਾਨੂੰਨ ਮੁਤਾਬਕ ਹੋਇਆ ਹੈ।

# ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵਿਦੇਸ਼ਾਂ ਨਾਲ ਸਬੰਧਤ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਖਿਲਾਫ ਸਖ਼ਤ ਫੈਸਲੇ

ਅੰਮ੍ਰਿਤਸਰ 24 ਜੂਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਵਿਦੇਸ਼ਾਂ ਦੇ ਗੁਰਦੁਆਰਾ ਸਾਹਿਬਾਨ 'ਚ ਵਾਪਰੀਆਂ ਘਟਨਾਵਾਂ ਅਤੇ ਮਰਿਆਦਾ ਦੀ ਉਲੰਘਣਾ ਸਬੰਧੀ ਬੇਹੱਦ ਅਹਿਮ ਫੈਸਲੇ ਲਏ ਗਏ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਅਮਰੀਕਾ ਦੇ ਸਾਊਥ ਕੈਰੋਲੀਨਾ ਸੂਬੇ ਦੇ ਡੰਕਨ ਸਥਿਤ 'ਗੁਰਦੁਆਰਾ ਗੁਰੂ ਨਾਨਕ ਦਰਬਾਰ ਸਿੱਖ ਸੋਸਾਇਟੀ' ਦੀ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਦੀਪ ਸਿੰਘ ਜੀ ਅਤੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਉਤਾਰੀਆਂ ਗਈਆਂ ਸਨ। ਵਿਰੋਧ ਕਰਨ 'ਤੇ ਸੰਗਤਾਂ ਨੂੰ ਰੋਕਿਆ ਗਿਆ ਅਤੇ ਧਾਰਮਿਕ ਸ਼ਖਸੀਅਤਾਂ ਲਈ ਅਪਮਾਨਜਨਕ ਸ਼ਬਦਾਵਲੀ ਵਰਤੀ ਗਈ। ਵਾਰ-ਵਾਰ ਸੰਮੰਨ ਭੇਜਣ 'ਤੇ ਵੀ ਪੇਸ਼ ਨਾ ਹੋਣ ਕਾਰਨ ਪੰਜ ਸਿੰਘ ਸਾਹਿਬਾਨ ਨੇ ਸਰਵਪ੍ਰੀਤ ਸਿੰਘ (ਸਾਬਕਾ ਸਕੱਤਰ), ਰਾਜ ਸਿੰਘ (ਚੇਅਰਪਰਸਨ), ਮਨਜੀਤ ਕੌਰ, ਅੰਮ੍ਰਿਤਪਾਲ ਸਿੰਘ, ਸਵਰਨ ਸਿੰਘ, ਸੋਹਣ ਸਿੰਘ, ਜਸਵਿੰਦਰ ਸਿੰਘ ਅਤੇ ਰਜਿੰਦਰ ਸਿੰਘ (ਟਰੱਸਟੀਆਂ)



ਨੂੰ ਪ੍ਰਬੰਧ ਚਲਾਉਣ 'ਚ ਅਸਫਲ ਕਰਾਰ ਦਿੰਦਿਆਂ ਅਯੋਗ ਐਲਾਨ ਦਿੱਤਾ ਹੈ ਅਤੇ ਪੇਸ਼ੀ ਤੱਕ ਸੰਗਤ ਨੂੰ ਇਨ੍ਹਾਂ ਨਾਲ ਧਾਰਮਿਕ ਜਾਂ ਸਮਾਜਿਕ ਸਬੰਧ ਨਾ ਰੱਖਣ ਦੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਕੈਨੇਡਾ ਦੇ ਵਿਨੀਪੈਗ (ਮੈਨੀਟੋਬਾ) ਸਥਿਤ ਗੁਰਦੁਆਰਾ ਕਮੇਟੀ ਵੱਲੋਂ ਲੰਗਰ ਹਾਲ 'ਚ ਜੋੜੇ ਪਾ ਕੇ ਜਾਣ, ਮਰਿਆਦਾ ਉਲਟ ਕਾਰਜ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨਾਲ ਛੇੜਛਾੜ ਕਰਨ ਦੇ ਮਾਮਲੇ 'ਚ ਤਸੱਲੀਬਖਸ਼ ਜਵਾਬ ਨਾ ਦੇਣ 'ਤੇ ਸਖਤ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ 'ਚ ਨਿਸ਼ਾਨ ਸਿੰਘ (ਪ੍ਰਧਾਨ), ਰਜਿੰਦਰ ਸਿੰਘ, ਮਲਕੀਤ ਸਿੰਘ, ਮੋਹਨ ਸਿੰਘ, ਨਵਦੀਪ ਸਿੰਘ, ਬਲਜਿੰਦਰ ਸਿੰਘ, ਰਵਿੰਦਰ ਸਿੰਘ, ਰਿਸ਼ਪਾਲ ਸਿੰਘ, ਪ੍ਰਦੀਪ ਸਿੰਘ ਸਮੇਤ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ- ਅਮਰਜੀਤ ਸਿੰਘ, ਕਿਰਨਪਾਲ ਸਿੰਘ, ਸੁਖਜਿੰਦਰ ਸਿੰਘ, ਹਰਪਾਲ ਸਿੰਘ ਅਤੇ ਚਰਨਜੀਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ।

Ministry of Culture
Government of India

## ਲੋਕਤੰਤਰ ਅਮਰ ਰਹੇ !

ਸੰਵੇਧਾਨਿਕ ਲੋਕਤੰਤਰ ਨੂੰ ਬਣਾਏ ਰੱਖਣ ਲਈ ਸਮਰਪਿਤ ਇਕ ਪ੍ਰੋਗਰਾਮ



## ਆਪਾਤਕਾਲ ਲਾਗੂ ਹੋਣ ਦੇ 50 ਸਾਲ ਪੂਰੇ ਹੋਣ ਦੀ ਉਪਲਬਧੀ 'ਚ ਆਯੋਜਿਤ ਪ੍ਰੋਗਰਾਮਾਂ ਦਾ ਸਮਾਪਨ

## ਸੰਵਿਧਾਨ ਹੱਤਿਆ ਦਿਵਸ 2026

ਭਾਰਤੀ ਇਤਿਹਾਸ ਦੇ ਕਾਲੇ ਯੁਗ 'ਤੇ ਇਕ ਦ੍ਰਿਸ਼ਟੀ

"ਆਪਾਤਕਾਲ ਨੂੰ 50 ਸਾਲ ਹੋ ਚੁੱਕੇ ਹਨ; ਦੇਸ਼ ਦੀ ਕਿਸੀ ਵੀ ਪੀੜ੍ਹੀ ਨੂੰ ਸੰਵਿਧਾਨ ਦੀ ਹੱਤਿਆ ਦੇ ਇਸ ਪਾਪ ਨੂੰ ਕਦੀ ਨਹੀਂ ਭੁੱਲਣਾ ਚਾਹੀਦਾ"
**ਨਰੇਂਦਰ ਮੋਦੀ**, ਪ੍ਰਧਾਨਮੰਤਰੀ

ਮਿਤੀ: 25 ਜੂਨ 2026 | ਸਮਾਂ: ਸ਼ਾਮ 4:00 ਵਜੇ

ਸਥਾਨ: ਸੇਂਟਰ ਫੱਾਰ ਕਲਚਰਲ ਰਿਸੋਰਸੇਸ ਐਂਡ ਟ੍ਰੇਨਿੰਗ (CCRT), 15 - A, ਬਲੱਾਕ ਡੀ, ਸੇਕਟਰ 7, ਦਵਾਰਕਾ, ਦਿੱਲੀ

**ਪ੍ਰੋਗਰਾਮ ਦੇ ਮੁੱਖ ਆਕਰਸ਼ਣ**

ਵਿਸ਼ੇਸ਼ ਪ੍ਰਦਰਸ਼ਨੀ: ਸੰਵਿਧਾਨ ਹੱਤਿਆ ਦਿਵਸ ਅਤੇ Long Live Democracy
ਲਘੂ ਫਿਲਮ ਦੀ ਸਕ੍ਰੀਨਿੰਗ: 'ਸੰਵਿਧਾਨ ਹੱਤਿਆ ਦਿਵਸ'

ਸਵਤੰਤਰ ਭਾਰਤ ਦੇ ਇਤਿਹਾਸ ਦੇ ਸੱਭ ਤੋਂ ਮੁਸ਼ਕਿਲ ਸਮੇਂ 'ਚ ਜਿਨ੍ਹਾਂ ਨੇ ਅਤਿਆਚਾਰ ਸਹੇ ਅਤੇ ਹਿੰਮਤ ਬਣਾਈ ਰੱਖੀ, ਉਨ੍ਹਾਂ ਸਾਰਿਆਂ ਨੂੰ ਸੰਗੀਤਮਈ ਸ਼ਰਧਾਂਜਲੀ

**ਮੁੱਖ ਮਹਿਮਾਨ**

**ਸ਼੍ਰੀ ਗਜੇਂਦਰ ਸਿੰਘ ਸ਼ੇਖਾਵਤ**
ਮਾਣਯੋਗ ਕੇਂਦਰੀ ਸੰਸਕ੍ਰਿਤੀ ਅਤੇ ਪਰਯਟਨ ਮੰਤਰੀ, ਭਾਰਤ ਸਰਕਾਰ

**ਵਿਸ਼ੇਸ਼ ਉਪਦੇਸ਼**

**ਸ਼੍ਰੀ ਰਾਮ ਬਹਾਦੁਰ ਰਾਏ**
(ਆਪਾਤਕਾਲ 'ਚ ਗਿਰਫ਼ਤਾਰ)
ਪ੍ਰਧਾਨ, ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ

CBC 09101/13/0014/2627